# ਸਕੂਲ ਦੀਆਂ ਥਾਂਵਾਂ ਲਈ
# ਜਨਤਕ ਸਲਾਹ-ਮਸ਼ਵਰਾ

## ਸੁਝਾਅ ਹੈ ਕਿ

## ਐੱਲਰਟਨ ਹਾਲ ਪ੍ਰਾਇਮਰੀ ਸਕੂਲ ਵਿੱਚ ਪੱਕੇ ਤੌਰ ਤੇ ਵਾਧਾ ਕੀਤਾ ਜਾਵੇ

## ਸਤੰਬਰ 2019 ਤੋਂ

**ਸਲਾਹ ਮਸ਼ਵਰੇ ਦੀਆਂ ਤਾਰੀਖ਼ਾਂ 23 ਮਾਰਚ 2018 ਤੋਂ 04 ਮਈ 2018**

ਇਹ ਕੰਸਲਟੇਸ਼ਨ ਡਾਕੂਮੈਂਟ (ਸਲਾਹ-ਮਸ਼ਵਰੇ ਵਾਲਾ ਦਸਤਾਵੇਜ਼) ਤੁਹਾਨੂੰ ਇਸ ਕੰਸਲਟੇਸ਼ਨ ਦੇ ਕਾਰਣਾਂ ਬਾਰੇ ਜਾਣਕਾਰੀ ਦੇਂਦਾ ਹੈ ਅਤੇ ਫੈਂਸਲਾ ਕਰਨ ਵਾਲੀ ਪ੍ਰਣਾਲੀ ਬਾਰੇ ਸਮਝਾਉਂਦਾ ਹੈ।

ਕਿਰਪਾ ਕਰਕੇ ਆਪਣੇ ਵਿਚਾਰ **04 ਮਈ 2018** ਸ਼ਾਮੀ **4** ਵਜੇ ਤਕ ਦੇ ਦਿਓ ਤਾਂ ਜੋ ਉਨ੍ਹਾਂ ਬਾਰੇ ਸੋਚਿਆ ਜਾ ਸਕੇ।



## ਅਸੀਂ ਤੁਹਾਨੂੰ ਜਿਸ ਸੁਝਾਅ ਬਾਰੇ ਪੁੱਛ ਰਹੇ ਹਾਂ

ਇਸ ਸਥਾਨਕ ਏਰੀਏ ਵਿੱਚ ਲਮੇਂ ਸਮੇਂ ਵਾਲੀ ਹੋਰ ਵਾਧੂ ਪ੍ਰਾਇਮਰੀ ਸਕੂਲ ਦੀਆਂ ਥਾਵਾਂ ਵਾਲੀ ਲੋੜ ਨੂੰ ਹੱਲ ਕਰਨ ਲਈ ਲੀਡਜ਼ ਸਿਟੀ ਕੌਂਸਿਲ ਸੁਝਾਅ ਦੇ ਰਹੀ ਹੈ ਕਿ ਮੂਅਰ ਐਲਟਰਨ ਪ੍ਰਾਇਮਰੀ ਸਕੂਲ ਨੂੰ ਪੱਕੇ ਤੌਰ ਤੇ ਇਸ ਦੀ ਵਰਤਮਾਨ ਥਾਂ ਤੇ ਰਿਸੈਪਸ਼ਨ ਵਿੱਚ 60 ਥਾਵਾਂ (2 ਤਰ੍ਹਾਂ ਦੀ ਐਂਟਰੀ (2ਐੱਫ ਈ) ਤੋਂ 90 ਥਾਵਾਂ (3ਐੱਫ ਈ) ਵਿੱਚ ਸਤੰਬਰ 2019 ਤੋਂ ਵਧਾ ਦਿਤਾ ਜਾਏ। ਫੇਰ ਸਕੂਲ ਵਿੱਚ ਬੱਚਿਆਂ ਦੀ ਕੁੱਲ ਗਿਣਤੀ ਸਾਲ ਦਰ ਸਾਲ ਵੱਧ ਜਾਏਗੀ।

ਇਸ ਸਟੇਜ ਤੇ ਅਸੀਂ ਵਿਚਾਰ ਬਣਾਉਣਾ ਸ਼ੁਰੂ ਕੀਤਾ ਹੈ ਕਿ ਵਰਤਮਾਨ ਥਾਂ ਤੇ ਜਿਸ ਤਰ੍ਹਾਂ ਅਸੀਂ ਸ਼ਾਇਦ ਹੋਰ ਵਾਧੂ ਵਿਦਿਆਰਥੀਆਂ ਨੂੰ ਐਕਮੋਡੇਟ (ਪ੍ਰਬੰਧ ਕਰਨਾ) ਕਰ ਸਕੀਏ ਫੇਰ ਵੀ ਇਹ ਯੋਜਨਾਵਾਂ ਕੇਵਲ ਸੰਕੇਤਕ ਹਨ ਅਤੇ ਇਹ ਇਸ ਗੱਲ ਦੀ ਪ੍ਰਤਿਨਿਧਤਾ ਨਹੀਂ ਕਰਦਾ ਕਿ ਅੰਤ ਵਿੱਚ ਇਸ ਦਾ ਰੂਪ ਇਹੋ ਹੀ ਹੋਵੇਗਾ। ਇਕ ਇਸ ਆਪਸ਼ਨ (ਚੋਣ) ਤੇ ਵਿਚਾਰ ਕੀਤਾ ਜਾ ਰਿਹਾ ਹੈ, ਜਿਸ ਦੀ ਸੰਭਾਵਨਾ ਹੋ ਸਕਦੀ ਹੈ ਕਿ ਜਿਥੇ ਪਹਿਲੋਂ ਨਿਊ ਹਾਈਵੁੱਡ ਪੱਬ ਹੋਇਆ ਕਰਦਾ ਸੀ ਉਥੇ ਕਮਿਉਨਿਟੀ ਸੈਂਟਰ ਅਤੇ ਚਿਲਡਰਨਜ਼ ਸੈਂਟਰ ਦੀ ਮੁੜ-ਸਥਾਪਨਾ ਦਾ ਸੁਝਾਅ ਹੈ ਜਿਹੜੇ ਕਮਿਉਨਿਟੀ ਲਈ ਵੱਧ ਸੁਵਿਧਾਵਾਂ ਪ੍ਰਦਾਨ ਕਰ ਸਕਣਗੇ। ਇਸ ਕੰਸਲਟੇਸ਼ਨ (ਸਲਾਹ-ਮਸ਼ਵਰਾ) ਦੇ ਹਿੱਸੇ ਵੱਜੋਂ ਅਸੀਂ ਕਮਿਉਨਿਟੀ ਸੈਂਟਰ, ਫਰੈਂਡਜ਼ ਆਫ ਐੱਲਟਰਨ ਗਰੇਂਜ ਫੀਲਡਜ਼ ਅਤੇ ਚਿਲਡਰਨਜ਼ ਸੈਂਟਰ ਦੇ ਟ੍ਰਸਟੀਆਂ ਨਾਲ ਉਨ੍ਹਾਂ ਦੇ ਵਿਚਾਰ ਜਾਣਨ ਲਈ ਗੱਲ ਬਾਤ ਕਰ ਰਹੇ ਹਾਂ।

ਜਿਹੜਾ ਸੁਝਾਅ ਇਸ ਬੁੱਕਲੈਟ (ਕਿਤਾਬਚਾ) ਵਿੱਚ ਦਿਤਾ ਗਿਆ ਹੈ ਅਸੀਂ ਕਹਾਂਗੇ ਕਿ ਤੁਸੀਂ ਉਸ ਤੇ ਵਿਚਾਰ ਕਰੋ ਅਤੇ ਅਸੀਂ ਜਿਹੜੇ ਜਨਤਕ ਡਰਾਪ-ਇਨ ਸੈਸ਼ੰਜ (ਬਿਨਾਂ ਐਪੋਆਇੰਟਮੈਂਟ ਪਹੁੰਚ ਜਾਣਾ) ਕਰਾਂਗੇ ਉਹਨਾਂ ਵਿੱਚੋਂ ਕਿਸੇ ਇਕ ਵਿੱਚ ਵੀ ਤੁਹਾਡੇ ਆਉਣ ਦਾ ਅਸੀਂ ਤੁਹਾਡਾ ਸਵਾਗਤ ਕਰਾਂਗੇ ਤਾਂ ਜੋ ਤੁਸੀਂ ਆਪਣੇ ਵਿਚਾਰ ਦੇ ਸਕੋ ਅਤੇ ਹੋਰ ਜ਼ਿਆਦਾ ਪਤਾ ਕਰ ਸਕੋ।

## ਕਸੰਲਟੇਸ਼ਨ ਪ੍ਰਣਾਲੀ

ਅਸੀਂ ਵਰਤਮਾਨ ਸਮੇਂ ਗੈਰ-ਰਸਮੀ ਕਸੰਲਟੇਸ਼ਨ ਪ੍ਰਣਾਲੀ ਵਿੱਚ ਹਾਂ। ਇਹ 4 ਮਈ 2018 ਤਕ ਚਲੇਗੀ ਅਤੇ ਇਸ ਸਮੇਂ ਦੌਰਾਨ ਪੇਰੈਂਟਸ (ਮਾਤਾ-ਪਿਤਾ), ਸਥਾਨਕ ਨਿਵਾਸੀ ਅਤੇ ਹੋਰ ਸੰਬੰਧਿਤ ਪਾਰਟੀਆਂ ਨੂੰ ਕੌਂਸਿਲ ਨਾਲ ਇਨ੍ਹਾਂ ਸੁਝਾਵਾਂ ਬਾਰੇ ਆਪਣੇ ਵਿਚਾਰਾਂ ਦੀ ਸਾਂਝ ਕਰਨ ਦਾ ਅਵਸਰ ਮਿਲੇਗਾ।

ਇਸ ਸਟੇਜ ਤੇ ਅਸੀਂ ਤੁਹਾਨੂੰ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਵਿੱਚ ਹੋਰ ਜ਼ਿਆਦਾ ਬੱਚਿਆਂ ਲਈ ਥਾਵਾਂ ਵਧਾਉਣ ਵਾਲੇ ਸਿਧਾਂਤ ਬਾਰੇ ਆਪਣੇ ਵਿਚਾਰ ਦੇਣ ਲਈ ਕਹਿ ਰਹੇ ਹਾਂ। ਜੇਕਰ ਇਹ ਸੁਝਾਅ ਪਲੈਨਿੰਗ ਸਟੇਜ ਤਕ ਪਹੁੰਚਦੇ ਹਨ ਤਾਂ ਪਲੈਨਿੰਗ ਐਪਲੀਕੇਸ਼ਨਜ਼ ਦੇ ਹਿੱਸੇ ਵੱਜੋਂ ਵਿਸ਼ੇਸ਼ ਤੌਰ ਤੇ ਬਣਾਉਣ ਬਾਰੇ ਟਿੱਪਣੀ ਕਰਨ ਦਾ ਅਵਸਰ ਮਿਲੇਗਾ।

ਇਸ ਸਟੇਜ ਤੇ ਅਸੀਂ ਸਟੇਕਹੋਲਡਰਾਂ (ਜਿਨ੍ਹਾਂ ਦੇ ਹਿੱਤ ਹਨ) ਨੂੰ ਪੁੱਛ ਰਹੇ ਹਾਂ ਕਿ ਸਾਨੂੰ ਦਸਣ:

- ਕੀ ਤੁਸੀਂ ਸਕੂਲ ਨੂੰ ਵਧਾਉਣ ਬਾਰੇ ਸਹਿਮਤ ਹੋ ਜਾਂ ਅਸਹਿਮਤ ਹੋ ਅਤੇ
- ਉਨ੍ਹਾਂ ਵਿਚਾਰਾਂ ਦੇ ਕੀ ਕਾਰਣ ਹਨ

ਰੈੱਸਪਾਂਡੈਂਟਸ ਦੇ ਵਿਚਾਰਾਂ ਦੇ ਕਾਰਣਾਂ ਦੇ ਸਾਰਾਂਸ਼ ਦੀ ਰਿਪੋਰਟ ਤਿਆਰ ਕੀਤੀ ਜਾਏਗੀ, ਇਸ ਨਾਲ ਇਹ ਵੀ ਕੀਤਾ ਜਾਏਗਾ ਕਿ ਕਿਵੇਂ ਕਿੰਨੇ ਮੁੱਦਿਆਂ ਨੂੰ ਇਸ ਦੇ ਮੁਕਾਬਲੇ ਵਿੱਚ ਘੱਟ ਕੀਤਾ ਜਾਏ ਅਤੇ ਜੇਕਰ ਅੱਗੋਂ ਹੋਰ ਕੰਮ ਦੀ ਲੋੜ ਹੋਵੇ ਅਤੇ ਕੌਂਸਿਲ ਦੇ ਐੱਗਜ਼ੇਕਟਿਵ ਬੋਰਡ ਵੱਲੋਂ ਇਸ ਤੇ ਵਿਚਾਰ ਕੀਤਾ ਗਿਆ ਹੋਵੇ। ਐੱਗਜ਼ੈਕਟਿਵ ਬੋਰਡ ਫੈਂਸਲਾ ਕਰਨ ਵਾਲੇ ਦੇ ਤੌਰ ਤੇ ਫੈਂਸਲਾ ਕਰੇਗਾ ਕਿ ਕੰਸਲਟੇਸ਼ਨ ਵਾਲੇ ਰਸਮੀ ਹਿੱਸੇ ਤਕ ਜਾਵੇ ਜਾਂ ਨਾਂ ਜਾਵੇ, ਇਸ ਨੂੰ ਰੈੱਪਰੇਜ਼ੈਂਟੇਸ਼ਨ ਸਟੇਜ ਕਹਿੰਦੇ ਹਨ, ਜਿਸ ਦੇ ਸ਼ੁਰੂ ਵਿੱਚ ਇੱਕ ਸਟੈਚੂਟਰੀ (ਕਾਨੂੰਨੀ) ਨੋਟਿਸ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ। ਇਹ ਸਟੇਜ ਕਾਨੂੰਨ ਵੱਲੋਂ ਨਿਰਧਾਰਿਤ ਕੀਤੀ ਗਈ ਹੈ ਅਤੇ ਇਹ ਚਾਰ ਹਫਤੇ ਤਕ ਚਲਦੀ ਹੈ। ਇਸ ਸਮੇਂ ਦੌਰਾਨ ਸੁਝਾਅ ਲਈ ਰਸਮੀ ਜੁਆਬ, ਜਿਹੜੇ ਰੈੱਪਰੇਜ਼ੈਂਟੇਸ਼ਨ ਦੇ ਤੌਰ ਤੇ ਜਾਣੇ ਜਾਂਦੇ ਹਨ, ਦਿਤੇ ਜਾ ਸਕਦੇ ਹਨ।

ਰੈੱਪਰੇਜ਼ੈਂਟੇਸ਼ਨ ਸਮੇਂ ਦੇ ਖਤਮ ਹੋਣ ਤੋਂ ਬਾਅਦ, ਜਿਹੜੀਆਂ ਟਿੱਪਣੀਆਂ ਕੀਤੀਆਂ ਗਈਆਂ ਹਨ ਉਨ੍ਹਾਂ ਨੂੰ ਫੇਰ ਐੱਗਜ਼ੈਕਟਿਵ ਬੋਰਡ ਕੋਲ ਰਿਪੋਰਟ ਕੀਤਾ ਜਾਂਦਾ ਹੈ, ਫੇਰ ਇਹ ਫੈਂਸਲਾ ਕਰੇਗਾ ਕਿ ਕੀ ਅੱਗੇ ਹੋਰ ਵੱਧਿਆ ਜਾਵੇ ਜਾਂ ਨਹੀਂ। ਇਸ ਬਾਰੇ ਫੈਂਸਲਾ ਚਾਰ ਹਫਤੇ ਵਾਲਾ ਸਮਾਂ ਖਤਮ ਹੋਣ ਦੇ ਦੋ ਮਹੀਨਿਆਂ ਦੇ ਅੰਦਰ ਕਰਨਾ ਪੈਂਦਾ ਹੈ, ਜੇਕਰ ਇਹ ਕੁੱਝ ਨਹੀਂ ਕੀਤਾ ਜਾਂਦਾ ਤਾਂ ਸਕੂਲ ਐੱਡਜੂਡੀਕੇਟਰ (ਫੈਂਸਲਾ ਕਰਨ ਵਾਲਾ) ਇਸ ਬਾਰੇ ਆਖਿਰੀ ਫੈਂਸਲਾ ਕਰ ਸਕਦਾ ਹੈ।

ਜੇਕਰ ਇਸ ਸਮੇਂ, ਤਬਦੀਲੀ ਵਾਲੇ ਸਿਧਾਂਤ ਤੇ ਕੰਮ ਕਰਨ ਦਾ ਫੈਂਸਲਾ ਕਰ ਲਿਆ ਜਾਂਦਾ ਹੈ ਤਾਂ ਫੇਰ ਆਮ ਤੌਰ ਤੇ ਹੋਰ ਜ਼ਿਆਦਾ ਫਿਜ਼ੀਕਲ ਐਲੀਮੈਂਟਸ ਕਮਿਸ਼ਨ ਕੀਤੇ ਜਾਂਦੇ ਹਨ (ਕੰਮ ਕਰਨ ਲਈ ਲਗਾਏ ਜਾਂਦੇ ਹਨ) ਜਿਵੇਂ ਕਿ ਵੇਰਵੇ ਵਾਲਾ ਡਿਜ਼ਾਇਨ ਅਤੇ ਖਰਚੇ ਵਾਲੀਆਂ ਰਿਪੋਰਟਾਂ, ਸੜਕਾਂ ਦਾ ਮੁਲਾਂਕਣ ਆਦਿ। ਸਕੂਲ ਅਤੇ ਹੋਰ ਮੁੱਖ ਸਟੇਕ ਹੋਲਡਰਜ਼ ਨੂੰ ਡਿਜ਼ਾਇਨ ਪ੍ਰੋਸੈੱਸ (ਪ੍ਰਣਾਲੀ) ਦੇ ਹਿੱਸੇ ਵੱਜੋਂ ਕੰਸਲਟ ਕੀਤਾ ਜਾਂਦਾ ਹੈ। ਜੇਕਰ ਪਲੈਨਿੰਗ ਪਰਮਿਸ਼ਨ (ਇਜਾਜ਼ਤ) ਦੀ ਲੋੜ ਹੋਵੇ ਤਾਂ ਇਸ ਦੀ ਆਪਣੀ ਪਲੈਨਿੰਗ ਪ੍ਰਣਾਲੀ ਹੈ ਅਤੇ ਕਾਨੂੰਨ ਅਨੁਸਾਰ ਸੱਭ ਸਥਾਨਕ ਨਿਵਾਸੀਆਂ ਨੂੰ ਰਸਮੀ ਲਿਖਤੀ ਨੋਟਿਸ ਦੇਣਾ ਪੈਂਦਾ ਹੈ।

**<u>ਪਿਛੋਕੜ</u>**

**ਹੋਰ ਵਾਧੂ ਪੱਕੀਆਂ ਥਾਂਵਾਂ ਜਿਹੜੀਆਂ ਪਹਿਲੇ ਹੀ ਕਰੀਏਟ ਕੀਤੀਆਂ ਗਈਆਂ ਸਨ।**

ਪਿਛਲੇ 6 ਸਾਲਾਂ ਵਿੱਚ ਰੌਂਢੇ ਪਲੈਨਿੰਗ ਏਰੀਆ ਵਿੱਚ ਪ੍ਰਾਇਮਰੀ ਸਕੂਲ ਦੀਆਂ ਥਾਂਵਾਂ ਤੇ ਦਬਾਅ ਦੇ ਜੁਆਬ ਵਿੱਚ, ਜਿਵੇਂ ਇਥੇ ਵਿਖਾਇਆ ਗਿਆ ਹੈ ਕੌਂਸਿਲ ਨੇ 630 ਪੱਕੀਆਂ ਥਾਂਵਾਂ ਜੋੜੀਆਂ ਹਨ ।

2012- ਰੌਂਢੇ ਥਰੂ ਸਕੂਲ ਪ੍ਰਮਾਣਿਤ, ਆਪਣੇ ਪ੍ਰਾਇਮਰੀ ਕੈਂਪਸ ਆਫ ਐੱਲਮੈਟੇ ਲੇਨ ਵਿੱਚ ਹਰ ਇਕ ਯੀਅਰ ਗਰੁੱਪ ਵਿੱਚ 60 ਥਾਂਵਾਂ ਦੀ ਪੇਸ਼ਕਸ਼ ਕੀਤੀ ਹੈ, ਜਿਸ ਕਰ ਕੇ 420 ਹੋਰ ਵਾਧੂ ਥਾਂਵਾਂ ਹੋ ਗਈਆਂ ਹਨ ।

2016 – **ਗਲੈਂਢਾਓ ਪ੍ਰਾਇਮਰੀ ਸਕੂਲ** ਨੇ ਹਰ ਇਕ ਯੀਅਰ ਗਰੁੱਪ ਵਿੱਚ 60 ਥਾਂਵਾਂ ਨੂੰ ਵਧਾ ਕੇ 90 ਕਰ ਦਿੱਤਾ ਹੈ ਜਿਸ ਕਰ ਕੇ 210 ਹੋਰ ਵਾਧੂ ਥਾਂਵਾਂ ਹੋ ਗਈਆਂ ਹਨ।

**ਐਡੀਸ਼ਨਲ ਬਲਜ ਥਾਂਵਾਂ ਜਿਨ੍ਹਾਂ ਦਾ ਪ੍ਰਬੰਧ ਪਹਿਲੋਂ ਕਰ ਦਿੱਤਾ ਗਿਆ ਸੀ ।**

ਬਲਜ ਪਲੇਸਿਜ਼, ਜਿੱਥੇ ਕੋਈ ਸਕੂਲ ਆਪਣੀ ਪ੍ਰਕਾਸ਼ਿਤ ਦਾਖਲੇ ਵਾਲੀ ਗਿਣਤੀ ਤੋਂ ਜ਼ਿਆਦਾ ਬੱਚਿਆਂ ਨੂੰ ਦਾਖਲ ਕਰਦਾ ਹੈ ਜਿਸ ਨਾਲ ਵਕਤੀ ਤੌਰ ਤੇ ਵਾਧਾ ਹੋ ਜਾਂਦਾ ਹੈ, ਜਿਸ ਦੀ ਪੇਸ਼ਕਸ਼ ਵੀ ਕੀਤੀ ਗਈ ਸੀ ਜਿਵੇਂ ਕਿ ਇਥੇ ਦਸਿਆ ਗਿਆ ਹੈ :

2014 - **ਰੌਂਢੇ ਥਰੂ ਸਕੂਲ** : 30 ਐਡੀਸ਼ਨਲ (ਹੋਰ ਵਾਧੂ) ਰਿਸੈਪਸ਼ਨ ਪਲੇਸਿਜ਼

2015 - **ਗਲੈਂਢਾਓ ਪ੍ਰਾਇਮਰੀ ਸਕੂਲ** : 30 ਐਡੀਸ਼ਨਲ ਰਿਸੈਪਸ਼ਨ ਪਲੇਸਿਜ਼

2015 - **ਵਿਗਟਨ ਮੂਅਰ ਪ੍ਰਾਇਮਰੀ ਸਕੂਲ** : 30 ਐਡੀਸ਼ਨਲ ਰਿਸੈਪਸ਼ਨ ਪਲੇਸਿਜ਼

2015 - **ਹਾਈਫੀਲਡ ਪ੍ਰਾਇਮਰੀ ਸਕੂਲ** : 30 ਐਡੀਸ਼ਨਲ ਰਿਸੈਪਸ਼ਨ ਪਲੇਸਿਜ਼

2016 - **ਟਾਲਬੋਟ ਪ੍ਰਾਇਮਰੀ ਸਕੂਲ** : 30 ਐਡੀਸ਼ਨਲ ਰਿਸੈਪਸ਼ਨ ਪਲੇਸਿਜ਼

2017 - **ਇੱਮਐਕੁਲੇਟ ਹਾਰਟ ਆਫ ਮੇਰੀ ਕੈਥੋਲਿਕ ਪ੍ਰਾਇਮਰੀ ਸਕੂਲ** : 30 ਐਡੀਸ਼ਨਲ ਰਿਸੈਪਸ਼ਨ ਪਲੇਸਿਜ਼

2017 - **ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ** : 30 ਐਡੀਸ਼ਨਲ ਰਿਸੈਪਸ਼ਨ ਪਲੇਸਿਜ਼

2018 - **ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ** : 30 ਐਡੀਸ਼ਨਲ ਰਿਸੈਪਸ਼ਨ ਪਲੇਸਿਜ਼ ਦੀ ਪੇਸ਼ਕਸ਼ ਕੀਤੀ ਜਾਣੀ ਹੈ।

**ਦੀ ਫਰੀ ਸਕੂਲ ਐਪਲੀਕੇਸ਼ਨ**

2015 ਵਿੱਚ ਦੀ ਫੇਅਰ ਅਕਸੈੱਸ ਟ੍ਰੱਸਟ ਨੇ ਰੌਂਢੇ ਏਰੀਏ ਵਿੱਚ ਫਰੀ ਸਕੂਲ ਖੋਲ੍ਹਣ ਲਈ ਬਿਡ (ਬੋਲੀ ਦੇਣਾ) ਕੀਤੀ ਸੀ ਅਤੇ ਲੀਡਜ਼ ਸਿਟੀ ਕੌਂਸਿਲ ਨੇ ਹੋਰ ਬਦਲਵੇਂ ਸੁਝਾਵਾਂ ਨੂੰ ਪ੍ਰੋਜੈਕਟ ਦੇ ਡਿਵੈੱਲਪ ਹੋਣ ਤਕ ਰੋਕ ਦਿਤਾ ਸੀ। ਬਹੁਤ ਜ਼ਿਆਦਾ ਪਲੈਨਿੰਗ ਅਤੇ ਹੋਰ ਮੁੱਦਿਆਂ ਕਾਰਣ ਹੁਣ ਬਿਡ ਵਾਪਿਸ ਲੈ ਲਈ ਗਈ ਹੈ।

**3-19 ਸਾਲ ਵਾਲੇ ਬੱਚਿਆਂ ਲਈ ਐੱਲਰਟਨ ਗ੍ਰੇਂਜ ਸਕੂਲ ਅਤੇ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਨਾਲ ਮਿਲਨ ਵਾਲੇ ਸੁਝਾਅ ਬਾਰੇ ਪਹਿਲੀ ਕੰਸਲਟੇਸ਼ਨ (ਸਲਾਹ ਮਸ਼ਵਰਾ) ਦਾ ਕੀ ਬਣਿਆ ਹੈ ?**

ਅਕਤੂਬਰ ਅਤੇ ਨਵੰਬਰ 2017 ਵਿੱਚ ਲੀਡਜ਼ ਸਿਟੀ ਕੌਂਸਿਲ ਨੇ ਐੱਲਰਟਨ ਗ੍ਰੇਂਜ਼ ਸਕੂਲ ਅਤੇ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਨੂੰ ਮਿਲਾ ਕੇ ਥਰੂ ਸਕੂਲ ਸਥਾਪਿਤ ਕਰਨ ਬਾਰੇ ਕੰਸਲਟ ਕੀਤਾ ਸੀ। ਜਿਸ ਥਰੂ-ਸਕੂਲ ਦਾ ਸੁਝਾਅ ਦਿਤਾ ਗਿਆ ਸੀ ਉਸ ਵਿੱਚ ਪ੍ਰਾਇਮਰੀ ਦੀਆਂ ਵਰਤਮਾਨ ਹਰ ਸਾਲ ਵਾਲੀਆਂ 60 ਥਾਵਾਂ ਨੂੰ ਵਧਾ ਕੇ ਹਰ ਸਾਲ 120 ਥਾਂਵਾਂ ਕਰਨਾ ਸ਼ਾਮਲ ਸੀ। ਇਹ ਕੰਸਲਟੇਸ਼ਨ 29 ਨਵੰਬਰ 2017 ਨੂੰ ਖਤਮ ਹੋ ਗਈ ਸੀ ਅਤੇ ਇਸ ਦੇ ਨਤੀਜੇ ਲੀਡਜ਼ ਸਿਟੀ ਕੌਂਸਿਲ ਦੇ ਐਗਜ਼ੈਕਟਿਵ ਬੋਰਡ ਨੂੰ 7 ਫਰਵਰੀ 2018 ਨੂੰ ਦੱਸ ਦਿਤੇ ਸੀ।

ਉਸ ਕੰਸਲਟੇਸ਼ਨ ਸਮੇਂ ਕੁੱਝ ਪੇਰੈਂਟਸ (ਮਾਤਾ-ਪਿਤਾ) ਨੂੰ ਪ੍ਰਾਇਮਰੀ-ਉਮਰ ਵਾਲੇ ਬੱਚਿਆਂ ਨੂੰ ਵੱਡਿਆਂ ਬੱਚਿਆਂ ਨਾਲ ਥਾਂ ਦੀ ਸਾਂਝ ਕਰਨ ਨਾਲ ਸੰਬੰਧਤ ਸੁੱਰਖਿਆ ਵਾਲੇ ਮੁੱਦਿਆਂ ਬਾਰੇ ਫਿਕਰ ਸੀ, ਉਨ੍ਹਾਂ ਦੀਆਂ ਚਿੰਤਾਵਾਂ ਸਨ ਕਿ 4 ਫੋਰਮ ਐਂਟਰੀ (120 ਵਿਦਿਆਰਥੀ) ਪ੍ਰਾਇਮਰੀ ਫੇਜ਼ ਚਾਈਲਡ ਫਰੈਂਡਲੀ ਐਨਵਾਇਰਨਮੈਂਟ (ਬੱਚਿਆਂ ਲਈ ਸੁਵਿਧਾਜਨਕ ਵਾਤਾਵਰਣ) ਨਹੀਂ ਹੋਏਗਾ ਅਤੇ ਇਹੋ ਜਿਹੇ ਵਿਦਿਆਰਥੀਆਂ ਤੇ ਜਿਨ੍ਹਾਂ ਨੇ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਵਿੱਚ ਡੈੱਫ ਅਤੇ ਹੀਅਰਿੰਗ ਇਮਪੇਅਰਡ ਰੀਸੋਰਸ ਤਕ ਜਾਣਾ ਹੁੰਦਾ ਹੈ ਉਨ੍ਹਾਂ ਤੇ ਨੁਕਸਾਨਦੇਹ ਪ੍ਰਭਾਵ ਪੈ ਸਕਦਾ ਹੈ। ਇਹ ਵੀ ਚਿੰਤਾਵਾਂ ਜ਼ਾਹਿਰ ਕੀਤੀਆਂ ਗਈਆਂ ਸੀ ਕਿ ਹਰ ਸਾਲ ਗਰੁੱਪ ਵਿੱਚ 120 ਵਿਦਿਆਰਥੀਆਂ ਦੇ ਵਾਧੇ ਨਾਲ ਸਥਾਨਕ ਏਰੀਏ ਵਿੱਚ ਟ੍ਰੈਫ਼ਿਕ ਨਾਲ ਸੰਬੰਧਤ ਮੁੱਦਿਆਂ ਤੇ ਨਕਾਰਾਤਮਕ ਪ੍ਰਭਾਵ ਪਵੇਗਾ। ਕਈ ਇਹੋ ਜਿਹੀਆਂ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਸੀ ਕਿ ਇਸ ਦਾ ਨਕਾਰਾਤਮਕ ਪ੍ਰਭਾਵ ਸਟੈਂਡਰਡਜ਼ (ਮਿਆਰਾਂ) ਤੇ ਪੈ ਸਕਦਾ ਹੈ ਅਤੇ ਜੇਕਰ ਥਰੂ ਸਕੂਲ ਸਥਾਪਿਤ ਕੀਤਾ ਜਾਣਾ ਹੈ ਤਾਂ ਦੋਨਾਂ ਸਕੂਲਾਂ ਦੇ ਸੁਧਾਰ

ਵਾਲੇ ਰਾਹ ਤੇ ਵੀ ਨਕਾਰਾਤਮਕ ਪ੍ਰਵਾਭ ਪੈ ਸਕਦਾ ਹੈ। ਕੁੱਝ ਲੋਕਾਂ ਦਾ ਸੁਝਾਅ ਸੀ ਕਿ ਇਸ ਏਰੀਏ ਵਿੱਚ ਥਰੂ-ਸਕੂਲ ਸਥਾਪਿਤ ਕਰਨ ਦੀ ਬਜਾਇ ਵਰਤਮਾਨ ਸਕੂਲ ਦਾ ਵਿਸਤਾਰ ਕਰਨਾ ਪਸੰਦ ਕਰਣਗੇ।

ਪਿੱਛਲੀ ਕੰਸਲਟੇਸ਼ਨ ਦੌਰਾਨ ਵਿਅਕਤ ਕੀਤੀਆਂ ਗਈਆਂ ਚਿੰਤਾਵਾਂ ਦੇ ਜੁਆਬ ਵਿੱਚ ਅਤੇ ਬੱਚਿਆਂ ਦੀ ਗੱਲ ਸੁਣਨ ਲਈ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ, ਗਵਰਨਰਾਂ ਅਤੇ ਸੀਨੀਅਰ ਲੀਡਰਸ਼ਿਪ ਫੀਸ ਨੂੰ ਵਿਜ਼ਿਟਸ ਕਰਨ ਤੋਂ ਬਾਅਦ ਇਹ ਫੈਂਸਲਾ ਕੀਤਾ ਗਿਆ ਕਿ ਇਕ ਵਾਰੀ ਹੋਰ ਕੰਸਲਟੇਸ਼ਨ ਕੀਤੀ ਜਾਵੇ। ਆਖਿਰੀ ਫੈਂਸਲੇ ਕਰਨ ਤੋਂ ਪਹਿਲੋਂ ਥਰੂ-ਸਕੂਲ ਦੀ ਬਜਾਇ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਨੂੰ ਇਕੱਲਿਆਂ ਆਪਣੇ ਆਪ ਵਿੱਚ ਥਰੀ ਫੋਰਮ ਐਂਟਰੀ ਸਕੂਲ ਵਿੱਚ ਵਧਾਉਣ ਬਾਰੇ ਕਈ ਪ੍ਰਕਾਰ ਦੇ ਸਟੇਕਹੋਲਡਰਾਂ (ਜਿਨ੍ਹਾਂ ਦੇ ਹਿੱਤ ਇਸ ਨਾਲ ਜੁੜੇ ਹੋਏ ਹਨ) ਦੇ ਵਿਚਾਰਾਂ ਨੂੰ ਲੈਣਾ ਬਿਲਕੁਲ ਠੀਕ ਸੀ।

**ਸਮਰਥਕ ਜਾਣਕਾਰੀ**

**ਰੌਂਢੇ ਵਾਰਡ ਡੈਮੋਗ੍ਰਾਫਿਕਸ (ਜਨ ਅੰਕੜਿਆਂ ਸੰਬੰਧੀ) ਅਤੇ 'ਏਰੀਏ ਦੀ ਲੋੜ'**

ਵਰਤਮਾਨ ਸਮੇਂ ਰੌਂਢੇ ਵਾਰਡ ਵਿੱਚ ਛੇ ਪ੍ਰਾਇਮਰੀ ਸਕੂਲ ਹਨ ਜਿਹੜੇ ਹਰ ਸਾਲ 360 ਥਾਂਵਾਂ ਪ੍ਰਦਾਨ ਕਰਦੇ ਹਨ। ਫੇਰ ਵੀ, ਜਿਵੇਂ ਕਿ ਪਹਿਲੋਂ ਹੀ ਲੋਕਾਂ ਨੂੰ ਕਾਫੀ ਸਾਰਾ ਪਤਾ ਹੈ, ਡੈਮੋਗ੍ਰਾਫਿਕ ਡੈਟਾ (ਆਂਕੜੇ) ਸੰਕੇਤ ਦੇਂਦਾ ਹੈ ਕਿ ਦੋ ਫੋਰਮਾਂ (60 ਥਾਂਵਾਂ) ਵਾਲੀ ਵਾਧੂ ਸਥਾਈ ਪਰੋਵੀਜ਼ਨ (ਪ੍ਰਬੰਧ) ਦੀ ਲੋੜ ਹੈ ਕਿਉਂਕਿ ਇਸ ਏਰੀਏ ਵਿੱਚ ਬਹੁਤ ਸਾਰੀ ਅਤੇ ਲਗਾਤਾਰ ਵੱਧਦੀ ਆਬਾਦੀ ਹੈ ਅਤੇ ਉਨ੍ਹਾਂ ਥਾਂਵਾਂ ਤੇ ਜਿਥੇ ਸਥਾਨਕ ਦਬਾਅ ਹੈ, ਵਿਸ਼ੇਸ਼ ਤੌਰ ਤੇ ਉਨ੍ਹਾਂ ਲੋਕਾਂ ਲਈ ਜਿਹੜੇ 'ਏਰੀਏ ਆਫ ਨੀਡ' ਜਾਣੇ ਜਾਂਦੇ ਟਾਲਬੋਟ ਪ੍ਰਾਇਮਰੀ ਸਕੂਲ ਦੇ ਕੋਲ ਸੱਭ ਤੋਂ ਨੇੜੇ ਰਹਿੰਦੇ ਹਨ। ਸਾਡੇ ਭਵਿੱਖ ਵਾਲੇ ਪ੍ਰਾਇਮਰੀ ਸਕੂਲ ਰਿਸੈਪਸ਼ਨ ਯੀਅਰਜ਼ ਦੇ ਪ੍ਰੋਜੈਕਸ਼ੰਜ਼ (ਵਿਉਂਤਬੰਦੀ) ਇਸ ਇਲਾਕੇ ਵਿੱਚ ਰਹਿੰਦੇ 0-5 ਸਾਲ ਵਾਲੀ ਉਮਰ ਦੇ ਬੱਚਿਆਂ ਨੂੰ ਥਾਂ ਦੇਣ ਦੇ ਤਰੀਕੇ ਤੇ ਆਧਾਰਿਤ ਹੈ ਅਤੇ ਪਿਛਲੇ ਹਾਜ਼ਰੀ ਵਾਲੇ ਰੁਝਾਨਾਂ ਦੀ ਵਰਤੋਂ ਤੇ ਆਧਾਰਿਤ ਹੈ। ਇਸ ਨਾਲ ਅਸੀਂ ਇਹ ਪਤਾ ਕਰਨ ਦੇ ਯੋਗ ਹੋ ਜਾਂਦੇ ਹਾਂ ਕਿ ਕੀ ਸਾਡੇ ਕੋਲ ਭਵਿੱਖ ਵਿੱਚ ਥਾਂਵਾਂ ਦੀ ਲੋੜ ਪੂਰੀ ਕਰਨ ਲਈ ਕਾਫੀ ਪ੍ਰਬੰਧ ਹੈ ਜਾਂ ਨਹੀਂ। ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਦਬਾਅ ਵਾਲੇ ਏਰੀਏ ਤੋਂ ਉਚਿਤ ਫਾਸਲੇ ਤੇ ਹੈ ਅਤੇ ਹੋਰ ਵਾਧੂ ਲੋੜ ਨੂੰ ਪੂਰਾ ਕਰਨ ਲਈ ਇਹ ਐੱਡਮਿਸ਼ਨ ਪੋਆਇੰਟ ਦੇ ਤੌਰ ਤੇ ਬਹੁਤ ਚੰਗੀ ਥਾਂ ਹੈ।

**ਭਵਿੱਖ ਵੱਲ ਵੇਖਣਾ: ਰਿਸੈਪਸ਼ਨ ਵਿਉਂਤਬੰਦੀਆਂ ਵਿਰੁੱਧ ਜੇਕਰ ਸੁਝਾਅ ਵਾਲੀ ਮੂਅਰ ਐੱਲਰਟਨ (ਵਿਸਤਾਰ) ਹੋ ਜਾਂਦੀ ਹੈ ਤਾਂ ਭਵਿੱਖ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੀ ਗਿਣਤੀ**

ਇਥੇ ਦਿੱਤੇ ਹੋਏ ਗ੍ਰਾਫ ਤੋਂ ਪਤਾ ਲਗਦਾ ਹੈ ਕਿ 2018 ਅਤੇ 2021 ਦਰਮਿਆਨ ਰੌਂਢੇ ਵਾਰਡ ਵਿੱਚ ਹਰ ਇਕ ਰਿਸੈਪਸ਼ਨ ਕਲਾਸ ਯੀਅਰ ਵਿੱਚ ਕਿੰਨੇ ਬੱਚਿਆਂ ਨੂੰ ਸਕੂਲ ਪਲੇਸ (ਥਾਂ) ਦੀ ਲੋੜ ਹੋਵੇਗੀ ਜਿਨ੍ਹਾਂ ਬਾਰੇ ਵਿਉਂਤਬੰਦੀ ਕੀਤੀ ਗਈ ਹੈ (ਵਰਤਮਾਨ 0-5 ਸਾਲ ਦੀ ਉਮਰ ਵਾਲਿਆਂ ਦਾ ਟੋਲਾ) ਅਤੇ ਇਸ ਤੋਂ ਪਤਾ ਲਗਦਾ ਹੈ ਕਿ ਚੁਣੌਤੀ ਕਿੰਨੀ ਵੱਡੀ ਹੈ, ਵਰਤਮਾਨ ਸਮੇਂ ਹਰ ਸਾਲ 56 ਥਾਂਵਾਂ ਤਕ ਦੀ ਕਮੀ ਹੈ, ਗ੍ਰਾਫ ਰੌਂਢੇ ਵਾਰਡ ਵਿੱਚ ਸਕੂਲਾਂ ਵਿੱਚ ਵਰਤਮਾਨ ਸਮੇਂ ਉਪਲੱਬਧ ਸਕੂਲੀ ਥਾਂਵਾਂ ਦੀ ਕੁੱਲ ਗਿਣਤੀ ਨੂੰ ਵੀ ਵਿਖਾਉਂਦਾ ਹੈ ਅਤੇ ਗਿਣਤੀ ਨੂੰ ਵੀ ਜਿਹੜੀ ਉਪਲੱਬਧ ਹੋਵੇਗੀ ਜੇਕਰ ਕੰਸਲਟੇਸ਼ਨ ਵਾਲੇ ਸੁਝਾਅ ਅਨੁਸਾਰ ਕੰਮ ਹੁੰਦਾ ਹੈ।

ਇਸ ਏਰੀਏ ਵਿੱਚ ਇਕ ਮੁੱਖ ਕਾਰਣ ਇਹ ਹੈ ਕਿ ਟਾਲਬੋਟ ਪ੍ਰਾਇਮਰੀ ਸਕੂਲ ਵਿੱਚ ਉਹਨਾਂ ਸਾਰੇ ਬੱਚਿਆਂ ਲਈ ਕਾਫੀ ਥਾਂਵਾਂ ਨਹੀਂ ਉਪਲੱਬਧ ਜਿਹੜੇ ਇਸ ਕੋਲ ਸੱਭ ਤੋਂ ਨੇੜੇ ਰਹਿੰਦੇ ਹਨ ਅਤੇ ਕਿਉਂਕਿ ਕਈ ਹੋਰ ਸਥਾਨਕ ਸਕੂਲ ਉਹਨਾਂ ਦੇ ਸੱਭ ਤੋਂ ਨੇੜੇ ਰਹਿਣ ਵਾਲੇ ਬੱਚਿਆਂ ਅਤੇ ਉਹਨਾਂ ਦੇ ਭੈਣਾਂ / ਭਰਾਵਾਂ ਨਾਲ ਭਰ ਗਏ ਹਨ, ਇਸ ਕਰਕੇ ਕੁੱਝ ਪਰਿਵਾਰਾਂ ਲਈ ਜਿਹੜੇ ਟਾਲਬੋਟ ਕੋਲ ਸੱਭ ਤੋਂ ਨੇੜੇ ਰਹਿੰਦੇ ਹਨ ਉਹਨਾਂ ਲਈ ਸਥਾਨਕ ਸਕੂਲਾਂ ਤਕ ਪਹੁੰਚ ਕਰਨੀ ਕਠਿਨ ਹੈ।

ਸਫੀਸ਼ੈਂਸੀ ਅਤੇ ਪਾਰਟੀਸਿਪੇਸ਼ਨ ਟੀਮ ਨੇ ਥੋੜ੍ਹੀ ਦੇਰ ਪਹਿਲੋਂ ਹੀ ਹੋਰ ਵਾਧੂ ਥਾਂਵਾਂ ਦਾ ਮਾਡਲ (ਨਮੂਨਾ) ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਵਿੱਚ ਤਿਆਰ ਕੀਤਾ ਹੈ ਅਤੇ ਜੇਕਰ ਟਾਲਬੋਟ ਪ੍ਰਾਇਮਰੀ ਸਕੂਲ ਦੇ ਸੱਭ ਤੋਂ ਨੇੜੇ ਰਹਿਣ ਵਾਲੇ ਪਰਿਵਾਰ ਵੀ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਵਿੱਚ ਥਾਂ ਲੈਣ ਦੀ ਪਸੰਦ ਦਸਣ ਤਾਂ ਇਸ ਦਾ ਕੀ ਪ੍ਰਭਾਵ ਪਵੇਗਾ। ਅਸੀਂ ਥਾਂਵਾਂ ਦਾ ਮਾਡਲ ਇਸ ਗੱਲ ਤੇ ਨਿਰਧਾਰਿਤ ਕੀਤਾ ਸੀ ਕਿ 2017 ਦੇ ਐੱਡਮਿਸ਼ਨਜ਼ ਡੈਟਾ (ਆਂਕੜਾ) ਅਨੁਸਾਰ ਮੂਅਰ ਐੱਲਰਟਨ ਹਾਲ ਦਾ ਪ੍ਰਕਾਸ਼ਿਤ ਐੱਡਮਿਸ਼ਨ ਨੰਬਰ (ਦਾਖਲੇ ਦੀ ਗਿਣਤੀ) 90 ਸੀ ਅਤੇ ਇਹ ਪਤਾ ਲਗਾ ਕਿ ਟਾਲਬੋਟ ਦੇ ਸੱਭ ਤੋਂ ਵੱਧ ਨੇੜੇ ਰਹਿਣ ਵਾਲੇ ਬੱਚਿਆਂ ਨੂੰ ਕਿਸੇ ਸਕੂਲ ਦੇ 2 ਮੀਲ ਦੇ ਅੰਦਰ ਉਚਿਤ ਥਾਂ ਦੀ ਪੇਸ਼ਕਸ਼ ਮਿਲੀ ਹੋਏਗੀ। ਜੇਕਰ ਹੋਰ ਪਰਿਵਾਰਾਂ ਦੀ ਪਸੰਦ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਹੋਈ ਤਾਂ ਜਿਹੜੇ ਬੱਚੇ ਮੂਅਰਟਾਊਨ/ਰੌਂਢੇ ਏਰੀਏ ਤੋਂ ਬਾਹਰ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਘੱਟ ਹੀ ਥਾਂਵਾਂ ਦੀ ਪੇਸ਼ਕਸ਼ ਕੀਤੀ ਜਾਵੇਗੀ ਅਤੇ ਭੈਣ/ਭਰਾ ਵਾਲਾ ਦਬਾਅ ਘੱਟ ਹੋ ਜਾਏਗਾ।

ਭਾਂਵੇਂ ਰੌਂਢੇ ਵਾਰਡ ਵਿੱਚ ਹੋਰ ਫਾਲਤੂ ਥਾਂਵਾਂ ਦੀ 2 ਫੋਰਮ ਆਫ ਐਂਟਰੀ (ਐਫ ਈ) ਜ਼ਰੂਰੀ ਨਜ਼ਰ ਆਉਂਦੀ ਹੈ, ਥੋੜ੍ਹੀ ਦੇਰ ਪਹਿਲੋਂ ਕੀਤੀ ਮਾਡਲਿੰਗ (ਨਮੂਨਾ) ਤੋਂ ਪਤਾ ਲਗਿਆ ਹੈ ਕਿ ਜਿਸ ਤਰ੍ਹਾਂ ਐੱਡਮਿਸ਼ਨ ਕਰਾਇਟੀਰੀਆ (ਦਾਖਲੇ ਵਾਲੀ ਕਸਵਟੀ) ਕੰਮ ਕਰਦਾ ਹੈ ਉਸ ਦਾ ਪ੍ਰਭਾਵ ਵੀ ਪੇਰੈਂਟਸ (ਮਾਤਾ-ਪਿਤਾ) ਤੇ ਆਪਣੇ ਪਸੰਦ ਵਾਲੇ ਸਕੂਲ ਵਿੱਚ ਥਾਂ ਲੈਣ ਵਾਲੀ ਸਮਰਥਾ ਤੇ ਪੈਂਦਾ ਹੈ।

ਕੈਚਮੈਂਟ ਏਰੀਏ 2016 ਵਿੱਚ ਕਮਿਉਨਿਟੀ ਸੈਕੰਡਰੀ ਸਕੂਲਾਂ ਲਈ ਦਾਖਲੇ ਦੇ ਫੈਂਸਲੇ ਵਾਲੇ ਭਾਗ ਦੇ ਤੌਰ ਤੇ ਤੈਅ ਕੀਤੇ ਗਏ ਸੀ, ਜਿਨ੍ਹਾਂ ਦਾ ਆਧਾਰ ਸੱਭ ਤੋਂ ਨੇੜੇ ਵਾਲੀ ਪ੍ਰਾਥਮਿਕਤਾ ਸੀ। ਆਉਣ ਵਾਲੇ ਅਗਲੇ ਕੁੱਝ ਮਹੀਨਿਆਂ ਵਿੱਚ ਅਸੀਂ ਸੰਭਾਵੀ ਚੋਣਾਂ ਦਾ ਮਾਡਲ ਪ੍ਰਾਇਮਰੀ ਸਕੂਲ ਕੈਚਮੈਂਟ ਏਰੀਆਜ਼ ਨੂੰ ਸ਼ੁਰੂ ਕਰਨ ਵਿੱਚ ਕਰਾਂਗੇ, ਤਾਂ ਜੋ ਫੈਂਸਲਾ ਕੀਤਾ ਜਾ ਸਕੇ ਕਿ ਕੀ ਇਸ ਤੇ ਭਵਿੱਖ ਵਿੱਚ ਆਉਣ ਵਾਲੀਆਂ ਪ੍ਰਣਾਲੀਆਂ ਲਈ ਇਸ ਤੇ ਵਿਚਾਰ ਕਰਨਾ ਉਚਿਤ ਹੋਏਗਾ।




**ਵਰਤਮਾਨ ਸੁਝਾਅ ਉਨ੍ਹਾਂ ਸੁਝਾਵਾਂ ਤੋਂ ਕਿਵੇਂ ਅਲੱਗ ਹਨ ਜਿਨ੍ਹਾਂ ਬਾਰੇ ਅਕਤੂਬਰ/ਨਵੰਬਰ 2017 ਵਿੱਚ ਸਲਾਹ-ਮਸ਼ਵਰਾ ਕੀਤਾ ਗਿਆ ਸੀ** ?

- ਵਰਤਮਾਨ ਸੁਝਾਅ ਕੇਵਲ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਨੂੰ ਪ੍ਰਭਾਵਿਤ ਕਰਦੇ ਹਨ। ਐੱਲਰਟਨ ਗ੍ਰੇਂਜ ਸਕੂਲ ਪ੍ਰਭਾਵਿਤ ਨਹੀਂ ਹੋਵੇਗਾ ਅਤੇ ਇਹ 11-18 ਵਾਲੇ ਸੈਕੰਡਰੀ ਸਕੂਲ ਦੇ ਤੌਰ ਤੇ ਕੰਮ ਕਰਦਾ ਰਹੇਗਾ। ਦੋਨੋਂ ਸਕੂਲ ਇਕ ਦੂਜੇ ਤੋਂ ਅਜ਼ਾਦ ਰਹਿ ਕੇ ਚਲਦੇ ਰਹਿਣਗੇ ਅਤੇ ਥਰੂ-ਸਕੂਲ ਸਥਾਪਿਤ ਨਹੀਂ ਕੀਤਾ ਜਾਏਗਾ, ਭਾਂਵੇ ਇਹੋ ਜਿਹੇ ਸੰਬੰਧ ਦੋਨਾਂ ਸਕੂਲਾਂ ਵਿੱਚ ਚਲਦੇ ਰਹਿਣਗੇ ਜਿਹੜੇ ਪਹਿਲੋਂ ਸਥਾਪਿਤ ਕੀਤੇ ਹੋਏ ਹਨ।
- ਵਰਤਮਾਨ ਸੁਝਾਅ ਥੱਲੇ ਮੂਅਰ ਐੱਲਰਟਨ ਪ੍ਰਾਇਮਰੀ ਸਕੂਲ ਬੰਦ ਨਹੀਂ ਹੋਏਗਾ ਅਤੇ ਜਿਹੜੇ ਬੱਚੇ ਬੋਲੇ ਹਨ ਜਾਂ ਜਿਨ੍ਹਾਂ ਬੱਚਿਆਂ ਦਾ ਸੁਣਨ ਵਾਲਾ ਮਸਲਾ ਹੈ ਉਹ ਆਪਣੀ ਵਰਤਮਾਨ ਥਾਂ ਤੋਂ ਕੰਮ ਕਰਦੇ ਰਹਿਣਗੇ।
- ਮੂਅਰ ਐਲਰਟਨ ਹਾਲ ਪ੍ਰਾਇਮਰੀ ਸਕੂਲ ਦੀ ਮੌਜੂਦਾ ਲੀਡਰਸ਼ਿਪ ਅਤੇ ਪ੍ਰਬੰਧਕੀ ਜਾਰੀ ਰਹੇਗੀ, ਫੇਰ ਵੀ ਜੇਕਰ ਸਕੂਲ ਨੇ ਹੋਰ ਵਧਣਾ ਹੈ ਤਾਂ ਹੋਰ ਵਾਧੂ ਸਟਾਫ ਦੀ ਲੋੜ ਪਵੇਗੀ।
- ਮੁੱਢਲੇ ਡਿਜ਼ਾਈਨ ਵਰਕ ਤੋਂ ਪਤਾ ਚਲਦਾ ਹੈ ਕਿ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਨੂੰ ਇਸ ਦੀ ਮੌਜੂਦਾ ਥਾਂ ਤੇ ਵਧਾਉਣਾ ਸੰਭਵ ਹੈ।
- ਪਹਿਲੇ ਨਾਰਥ ਈਸਟ ਸਿਟੀ ਲਰਨਿੰਗ ਸੈਂਟਰ (ਸੀ ਐੱਲ ਸੀ) ਦੀ ਬਿਲਡਿੰਗ ਇਸ ਮੌਜੂਦਾ ਸੁਝਾਅ ਦਾ ਭਾਗ ਨਹੀਂ ਹੈ।
- ਇਕ ਹੋਰ ਆਪਸ਼ਨ (ਚੋਣ) ਜਿਸ ਤੇ ਵਿਚਾਰ ਕੀਤਾ ਜਾ ਰਿਹਾ ਹੈ ਉਹ ਇਹ ਹੈ ਕਿ ਪਹਿਲੇ ਵਾਲੇ ਨੀਉ ਹਾਈਵੁੱਡ ਪੱਬ ਵਾਲੀ ਥਾਂ ਤੇ ਕਮਿਉਨਿਟੀ ਸੈਂਟਰ ਅਤੇ ਚਿਲਡਰਨਜ਼ ਸੈਂਟਰ ਦੀ ਰਿਲੋਕੇਸ਼ਨ (ਮੁੜ ਕੇ ਸਥਾਪਿਤ ਕਰਨਾ) ਲਈ ਵਰਤੋਂ ਕੀਤੀ ਜਾ ਸਕਦੀ ਹੈ। ਇਸ ਕੰਸਲਟੇਸ਼ਨ (ਸਲਾਹ-ਮਸ਼ਵਰਾ) ਦੇ ਭਾਗ ਦੇ ਤੌਰ ਤੇ ਅਸੀਂ ਕਮਿਉਨਿਟੀ ਸੈਂਟਰ, ਫਰੈਂਡਜ਼ ਆਫ ਐਲਰਟਨ ਗ੍ਰੇਂਜ ਫੀਲਡਜ਼ ਅਤੇ ਦੀ ਚਿਲਡਰਨਜ਼ ਸੈਂਟਰ ਦੇ ਵਿਚਾਰ ਲੈਣ ਲਈ ਗੱਲ ਬਾਤ ਕਰ ਰਹੇ ਹਾਂ ਤਾਂ ਜੋ ਭਾਈਵਾਲੀ ਵਿੱਚ ਕੰਮ ਕਰਕੇ ਇਹੋ ਜਿਹੀ ਪਰੋਪੋਜ਼ਲ (ਸੁਝਾਅ) ਦਿਤੀ ਜਾਵੇ ਜਿਹੜੀ ਯੂਜ਼ਰਜ਼ ਦੀਆਂ ਲੋੜਾਂ ਪੂਰੀਆਂ ਕਰ ਸਕੇ।
- ਵਰਤਮਾਨ ਪਰੋਪੋਜ਼ਲ ਰਿਸੈਪਸ਼ਨ ਵਿੱਚ ਹੋਰ ਜ਼ਿਆਦਾ 30 ਥਾਂਵਾਂ ਬਣਾਏਗੀ ਜਦੋਂ ਕਿ ਪਹਿਲੀ ਪਰੋਪੋਜ਼ਲ ਵਿੱਚ ਰਿਸੈਪਸ਼ਨ ਦੀਆਂ 60 ਹੋਰ ਵਾਧੂ ਥਾਂਵਾਂ ਸ਼ਾਮਿਲ ਸਨ।

**ਸਵਾਲ ਅਤੇ ਜਵਾਬ**

**ਸਕੂਲ ਪਲੇਸਿਜ਼ (ਥਾਂਵਾਂ) ਦੀ ਉਪਲਬਧਤਾ ਬਾਰੇ ਲੀਡਜ਼ ਸਿਟੀ ਕੌਂਸਿਲ ਦੀ ਕੀ ਡਿਊਟੀ ਹੈ ?**

ਐਜੂਕੇਸ਼ਨ ਐੈਕਟ 1996 ਸਥਾਨਕ ਸਰਕਾਰਾਂ ਦੀ ਡਿਊਟੀ ਲਗਾਉਂਦਾ ਹੈ ਕਿ ਉਹ ਨਿਸ਼ਚਿਤ ਕਰਨ ਕਿ ਇਸ ਦੇ ਏਰੀਏ ਵਿੱਚ ਰਹਿੰਦੇ ਸੱਭ ਬੱਚਿਆਂ ਲਈ ਕਾਫੀ ਮਾਤਰਾ ਵਿੱਚ ਸਕੂਲ ਦੀਆਂ ਥਾਵਾਂ ਹਨ। ਲੋਕਲ ਅਥਾਰਿਟੀ (ਐੱਲ ਏ) ਨੂੰ ਕਾਨੂੰਨ ਅਨੁਸਾਰ ਚਾਹੀਦਾ ਹੈ ਕਿ ਉਹ ਚੋਆਇਸ (ਚੁਣਨ ਦਾ ਹੱਕ) ਅਤੇ ਡਾਈਵਰਸਿਟੀ (ਵਿਵਿਧਤਾ) ਨੂੰ ਉਤਸਾਹਿਤ ਕਰਣਗੇ ਅਤੇ ਇਸ ਲਈ ਇਹ ਜ਼ਰੂਰੀ ਹੈ ਕਿ ਇਹ ਨਿਸ਼ਚਿਤ ਕਰਨ ਕਿ ਪੇਰੈਂਟਸ ਨੂੰ ਕਈ ਤਰ੍ਹਾਂ ਦੀਆਂ ਆਪਸ਼ੰਜ਼ (ਚੋਣਾਂ) ਉਪਲਬਧ ਹਨ।

**ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਦੇ ਕੀਤੇ ਗਏ ਸੁਝਾਅ ਵਾਲੇ ਵਾਧੇ ਨੂੰ ਸਪੋਰਟ ਕਰਨ ਲਈ ਐਕਮੋਡੇਸ਼ਨ ਦੀ ਡਲਿਵਰੀ ਕਰਨੀ।**

ਇਕ ਹੋਰ ਆਪਸ਼ਨ ਜਿਸ ਤੇ ਵਿਚਾਰ ਕੀਤਾ ਜਾ ਰਿਹਾ ਹੈ ਉਹ ਇਹ ਹੈ ਕਿ ਪਹਿਲੇ ਵਾਲੇ ਨੀਊ ਹਾਈਵੁੱਡ ਪੱਬ ਵਾਲੀ ਥਾਂ ਤੇ ਕਮਿਉਨਿਟੀ ਸੈਂਟਰ ਅਤੇ ਚਿਲਡਰਨਜ਼ ਸੈਂਟਰ ਦੀ ਰਿਲੋਕੇਸ਼ਨ ਲਈ ਵਰਤੋਂ ਕੀਤੀ ਜਾ ਸਕਦੀ ਹੈ। ਇਸ ਕੰਸਲਟੇਸ਼ਨ ਦੇ ਭਾਗ ਵੱਜੋਂ ਉਨ੍ਹਾਂ ਦੇ ਵਿਚਾਰ ਜਾਣਨ ਲਈ ਅਸੀਂ ਕਮਿਉਨਿਟੀ ਸੈਂਟਰ, ਫਰੈਂਡਜ਼ ਆਫ ਐੱਲਰਟਨ, ਗ੍ਰੇਂਜ ਫੀਲਡਜ਼ ਅਤੇ ਚਿਲਡਰਨਜ਼ ਸੈਂਟਰ ਨਾਲ ਗੱਲ ਬਾਤ ਕਰ ਰਹੇ ਹਾਂ।

ਮੁੱਢਲੇ ਸੰਕੇਤ ਇਹ ਹਨ ਕਿ ਸਕੂਲ ਨੂੰ ਇਸ ਦੀ ਮੌਜੂਦਾ ਥਾਂ ਤੇ ਵਧਾਉਣਾ ਸੰਭਵ ਹੈ। ਜਿਵੇਂ ਬਿਲਡਿੰਗ ਦਾ ਕੰਮ ਕਿਸੇ ਸ਼ਕਲ ਵਿੱਚ ਪਹੁੰਚਦਾ ਹੈ ਤਾਂ ਸਕੂਲ ਅਤੇ ਉਨ੍ਹਾਂ ਪਾਰਟੀਆਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ। ਜੇਕਰ ਪਲੈਨਿੰਗ ਪਰਮਿਸ਼ਨ ਦੀ ਲੋੜ ਹੋਈ ਤਾਂ ਇਸ ਲਈ ਕੰਸਲਟੇਸ਼ਨ ਦੀ ਆਪਣੀ ਪ੍ਰਣਾਲੀ ਹੈ ਅਤੇ ਸੱਭ ਸਥਾਨਕ ਨਿਵਾਸੀਆਂ ਨੂੰ ਕਾਨੂੰਨੀ ਤੌਰ ਤੇ ਲਿਖਤੀ ਨੋਟਿਸ ਭੇਜਣਾ ਹੁੰਦਾ ਹੈ ਅਤੇ ਉਨ੍ਹਾਂ ਨੂੰ ਕਿਸੇ ਵੀ ਪਲੈਨ ਤੇ ਟਿੱਪਣੀ ਕਰਨ ਦਾ ਅਵਸਰ ਦੇਣਾ ਪੈਂਦਾ ਹੈ।

**ਕੀ ਡੈੱਫ ਅਤੇ ਹੀਅਰਿੰਗ ਇਮਪੇਅਰਡ ਪਰੋਵੀਜ਼ਨ ਜਾਰੀ ਰਹੇਗੀ** ?

ਜਿਹੜੇ ਡੈੱਫ ਅਤੇ ਹੀਅਰਿੰਗ ਇਮਪੇਅਰਡ (ਬੋਲੇ ਅਤੇ ਜਿਨ੍ਹਾਂ ਦੀ ਸੁਣਨ ਸ਼ਕਤੀ ਵਿੱਚ ਨੁਕਸ ਹੈ) ਬੱਚੇ ਮੌਜੂਦਾ ਸਮੇਂ ਮੂਅਰ ਐੱਲਰਟਨ ਹਾਲ ਅਤੇ ਐੱਲਰਟਨ ਗ੍ਰੇਂਜ ਸਕੂਲ ਵਿੱਚ ਹਨ ਉਨ੍ਹਾਂ ਲਈ ਪਰੋਵੀਜ਼ਨ (ਪ੍ਰਬੰਧ) ਉਸੇ ਤਰ੍ਹਾਂ ਹੀ ਚਲਦਾ ਰਹੇਗਾ ਜਿਵੇਂ ਹੁਣ ਹੈ। ਕੋਈ ਵੀ ਇਹੋ ਜਿਹਾ ਬਿਲਡ ਸਲੂਸ਼ਨ (ਬਿਲਡਿੰਗ ਬਣਾਉਣ ਵਾਲਾ ਸਮਾਧਾਨ) ਜਿਸ ਵਿੱਚ ਸ਼ਾਇਦ ਮੌਜੂਦਾ ਬਿਲਡਿੰਗ ਜਾਂ ਨਵੀਆਂ ਬਿਲਡਿੰਗਾਂ ਨੂੰ ਤਿਆਰ ਕਰਨਾ ਸ਼ਾਮਿਲ ਹੋਵੇ, ਇਹ ਮੌਜੂਦਾ ਪ੍ਰੋਵੀਜ਼ਨ ਨੂੰ ਸਕੂਲ ਵਿੱਚ ਰੈਪਲੀਕੇਟ (ਦੁਹਰਾਣਾ) ਕਰ ਦੇਵੇਗਾ ਉਦਾਹਰਣ ਵੱਜੋਂ ਹਰ ਇਕ ਕਲਾਸ ਰੂਮ ਵਿੱਚ ਸਾਉਂਡ ਫੀਲਡਜ਼। ਇਸ ਕੰਸਲਟੇਸ਼ਨ ਦੇ ਭਾਗ ਵੱਜੋਂ ਅਸੀਂ ਇਹੋ ਜਿਹੇ ਡੈੱਫ ਅਤੇ ਹੀਅਰਿੰਗ ਇਮਪੇਅਰਡ ਬੱਚਿਆਂ ਦੇ ਪੇਰੈਂਟਸ ਜਿਹੜੇ ਇਸ ਸਮੇਂ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਵਿੱਚ ਜਾਂਦੇ ਹਨ, ਇਹੋ ਜਿਹੇ ਮਾਤਾ-ਪਿਤਾ ਨੂੰ ਕੰਸਲਟੇਸ਼ਨ ਸਮੇਂ ਦੌਰਾਨ ਮੀਟਿੰਗ ਤੇ ਬੁਲਾਵਾਂਗੇ।

**ਹੋਰ ਵਾਧੂ ਟ੍ਰੈਫ਼ਿਕ ਅਤੇ ਪਾਰਕਿੰਗ ਵਾਲੇ ਮੁੱਦਿਆਂ ਨੂੰ ਕਿਸ ਤਰ੍ਹਾਂ ਹੱਲ ਕੀਤਾ ਜਾਵੇਗਾ ?**

ਕਾਨੂੰਨ ਅਨੁਸਾਰ ਪਲੈਨਿੰਗ ਐਪਰੂਵਲ (ਮੰਜ਼ੂਰੀ) ਲਈ ਹਾਈਵੇਜ਼ ਟੀਮ ਦੇ ਅਫਸਰਾਂ ਵੱਲੋਂ ਸਾਰੀਆਂ ਐਪਲੀਕੇਸ਼ਨਾਂ ਤੇ ਟਿੱਪਣੀ ਕਰਨਾ, ਕੰਮਾਂ ਵਾਲੀ ਸਕੀਮ ਵਿੱਚ ਇਹੋ ਜਿਹੀਆਂ ਚੀਜ਼ਾਂ ਸ਼ਾਮਲ ਕੀਤੀਆਂ ਜਾਣਗੀਆਂ ਜਿਨ੍ਹਾਂ ਦੀ ਪਛਾਣ ਹਾਈਵੇਜ਼ ਟੀਮ ਨੇ ਮੰਜ਼ੂਰੀ ਦੇਣ ਲਈ ਕੀਤੀ ਹੈ। ਟ੍ਰੈਫ਼ਿਕ ਨੂੰ ਸ਼ਾਂਤ (ਘੱਟ ਕਰਨਾ) ਕਰਨ ਵਾਲੇ ਕਦਮਾਂ ਦੀ ਪਛਾਣ ਕਰਨ ਲਈ ਨਾਲੇ ਆਨਸਾਈਟ ਪਾਰਕਿੰਗ ਦੀਆਂ ਲੋੜਾਂ ਬਾਰੇ ਪੂਰੀ ਟ੍ਰਾਂਸਪੋਰਟ ਅਸੈੱਸਮੈਂਟ ਕੀਤੀ ਜਾਏਗੀ। ਸੁਝਾਵਾਂ ਦੇ ਭਾਗ ਵੱਜੋਂ ਹਵਾ ਦੀ ਕੁਆਲਿਟੀ ਤੇ ਵੀ ਵਿਚਾਰ ਕੀਤਾ ਜਾਵੇਗਾ।

**ਕੀ ਸਟੇਕਹੋਲਡਰਜ਼ (ਜਿਨ੍ਹਾਂ ਦੇ ਹਿੱਤ ਹਨ) ਹੋਰ ਵਾਧੂ ਐਕਮੋਡੇਸ਼ਨ ਲਈ ਪਲੈਨਜ਼ ਨੂੰ ਵੇਖ ਸਕਣਗੇ ?**

ਹਾਂ। ਡਿਜ਼ਾਈਨ ਅਤੇ ਪਲੈਨਿੰਗ ਸਟੇਜ ਦੇ ਭਾਗ ਵੱਜੋਂ ਡਰਾਪ-ਇਨ-ਸੈਸ਼ਨਜ਼ ਦਾ ਪ੍ਰਬੰਧ ਕੀਤਾ ਜਾਵੇਗਾ, ਜਿਥੇ ਹੋਰ ਜ਼ਿਆਦਾ ਵਿਸਤਾਰ ਵਾਲੀਆਂ ਡ੍ਰਾਈਂਗਾਂ ਉਪਲਬਧ ਹੋਣਗੀਆਂ ਜਿਨ੍ਹਾਂ ਬਾਰੇ ਸਟੇਕਹੋਲਡਰਜ਼ ਟਿੱਪਣੀ ਕਰ ਸਕਣਗੇ।

**ਤੁਸੀਂ ਕਿਸ ਤਰ੍ਹਾਂ ਨਿਸ਼ਚਿਤ ਕਰੋਗੇ ਕਿ ਜਿਹੜੇ ਬੱਚੇ ਪਹਿਲੋਂ ਹੀ ਸਕੂਲ ਵਿੱਚ ਹਨ ਉਨ੍ਹਾਂ ਦੀ ਵਿਦਿਅਕ ਅਟੇਨਮੈਂਟ (ਪ੍ਰਾਪਤੀ) ਤੇ ਕੋਈ ਮਾੜਾ ਪ੍ਰਭਾਵ ਨਾ ਪਵੇ ?**

ਲੀਡਜ਼ ਸਿਟੀ ਕੌਂਸਿਲ ਲਰਨਿੰਗ ਇਮਪਰੂਵਮੈਂਟ ਟੀਮ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਅਤੇ ਹੋਰ ਪਾਰਟਨਰਾਂ ਨਾਲ ਮਿਲ ਕੇ ਕੰਮ ਕਰਦੇ ਰਹਾਂਗੇ ਤਾਂ ਜੋ ਨਿਸ਼ਚਿਤ ਕੀਤਾ ਜਾਵੇ ਕਿ ਜਿਹੜੀ ਪ੍ਰਗਤੀ ਪਹਿਲੋਂ ਹੀ ਲੀਡਰਸ਼ਿਪ ਅਤੇ ਸਟਾਫ ਨੇ ਸਕੂਲ ਵਿੱਚ ਕੀਤੀ ਹੈ ਉਹ ਜਾਰੀ ਰਹਿੰਦੀ ਹੈ ਅਤੇ ਬੱਚਿਆਂ ਲਈ ਨਤੀਜੇ ਅੱਗੇ ਤੋਂ ਹੋਰ ਵੀ ਚੰਗੇ ਹੋਣਗੇ। ਸਾਨੂੰ ਵਿਸ਼ਵਾਸ ਹੈ ਕਿ ਅਗਲੀ ਇੰਸਪੈਕਸ਼ਨ (ਮੁਆਇਨਾ) ਤੇ ਆਫਸਟੈੱਡ ਇਕ ਚੰਗਾ ਸਕੂਲ ਵੇਖੇਗਾ ਅਤੇ ਉਸੇ ਅਨੁਸਾਰ ਆਪਣਾ ਵਿਚਾਰ ਬਣਾਏਗਾ।

**ਲੰਚਿਜ਼, ਅਸੈਂਬਲੀਜ਼ ਆਦਿ ਲਈ ਕਿਹੜੇ ਵਿਹਾਰਕ ਪ੍ਰਾਵਧਾਨ ਕੀਤੇ ਜਾਣਗੇ** ?

ਅਸੀਂ ਸਕੂਲ ਨਾਲ ਬੜੀ ਚੰਗੀ ਤਰ੍ਹਾਂ ਮਿਲ ਕੇ ਡਿਜ਼ਾਈਨ ਤੇ ਕੰਮ ਕਰਾਂਗੇ ਅਤੇ ਉਪਲਬਧ ਥਾਂ ਦਾ ਚੰਗੀ ਤਰ੍ਹਾਂ ਦਾ ਫਾਇਦਾ ਲੈਣ ਲਈ ਲੰਚਿਜ਼, ਅਸੈਂਬਲੀਜ਼ ਆਦਿ ਦਾ ਫੈਸਲਾ ਸਕੂਲ ਵੱਲੋਂ ਕੀਤਾ ਜਾਏਗਾ। ਹੋਰ ਸਕੂਲਾਂ ਵਿੱਚ ਪਲੇ ਅਤੇ ਲੰਚ ਵਾਲੇ ਸਮੇਂ ਨੂੰ ਅੱਗੇ-ਪਿੱਛੇ ਕੀਤਾ ਗਿਆ ਹੈ ਤਾਂ ਜੋ ਵਿਦਿਆਰਥੀਆਂ ਦੀ ਥੋੜ੍ਹੀ ਗਿਣਤੀ ਕਿਸੇ ਇਕ ਸਮੇਂ ਤੇ ਸਾਂਝੀਆਂ ਥਾਂਵਾਂ ਨੂੰ ਇਸਤਮਾਲ ਕਰ ਸਕਨ।

ਸਕੂਲ ਅੰਦਰ ਵਿਦਿਆਰਥੀਆਂ ਦੀ ਗਿਣਤੀ ਸਾਲ ਦਰ ਸਾਲ ਵੱਧੇਗੀ, ਇਸ ਲਈ ਵਰਤਮਾਨ ਬੱਚਿਆਂ ਨੂੰ ਹੋਣ ਵਾਲੀਆਂ ਤਬਦੀਲੀਆਂ ਨਾਲ ਐਡਜਸਟ (ਸੁਮੇਲ) ਕਰਨ ਦਾ ਸਮਾਂ ਮਿਲੇਗਾ। ਸਕੂਲ ਵਿੱਚ ਆਉਣ ਵਾਲੇ ਬੱਚੇ ਨਵੇਂ ਪ੍ਰਬੰਧਾਂ ਅਨੁਸਾਰ ਆਉਣਗੇ।

**ਜੇਕਰ ਸੁਝਾਅ ਵਾਲੀ ਗੱਲ ਅੱਗੇ ਵਧਦੀ ਹੈ ਤਾਂ ਤਜਰਬੇਕਾਰ, ਨਵਾਂ ਸਟਾਫ ਰੱਖਣ ਲਈ ਫੰਡ ਕਿੱਥੋਂ ਆਉਣਗੇ** ?

ਸਕੂਲ ਲਈ ਫੰਡਿੰਗ ਕੇਂਦ੍ਰੀ ਸਰਕਾਰ ਹਰ ਇਕ ਬੱਚੇ ਦੇ ਆਧਾਰ ਤੇ ਦੇਂਦੀ ਹੈ। ਫੇਰ ਵੀ, ਜਿਥੇ ਅਸੀਂ ਸਕੂਲਾਂ ਨੂੰ ਵੱਡਾ ਕਰਦੇ ਹਾਂ ਤਾਂ ਹੋਰ ਜ਼ਿਆਦਾ ਟਾਪ ਅੱਪ ਫੰਡਿੰਗ ਪਹਿਲੇ ਸਾਲ ਲਈ ਉਪਲਬਧ ਹੁੰਦੀ ਹੈ, ਇਹ ਪੱਕ ਕਰਨ ਲਈ ਕਿ ਸਕੂਲ ਨੂੰ ਲੋੜੀਂਦੀ ਸਪੋਰਟ ਮਿਲ ਜਾਵੇ।

**ਕੀ ਸਕੂਲ ਪ੍ਰੋਵੀਜ਼ਨ ਪ੍ਰਦਾਨ ਕਰਨ ਤੋਂ ਪਹਿਲੋਂ ਅਤੇ ਬਾਅਦ ਵਿੱਚ ਹੋਰ ਜ਼ਿਆਦਾ ਹੋਵੇਗੀ** ?

ਇਕ ਪ੍ਰਾਈਵੇਟ ਪ੍ਰਦਾਤਾ 'ਚਾਈਲਡ ਸੀਜ਼ੰਜ਼' ਵਰਤਮਾਨ ਸਮੇਂ ਸਕੂਲ ਪ੍ਰੋਵੀਜ਼ਨ ਤੋਂ ਪਹਿਲੋਂ ਅਤੇ ਬਾਅਦ ਵਿੱਚ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਅੰਦਰੋਂ ਚਲਾਉਂਦਾ ਹੈ। ਸੰਭਾਵਨਾ ਇਹ ਹੈ ਕਿ ਹੋਰ ਜ਼ਿਆਦਾ ਪ੍ਰਾਇਮਰੀ ਉਮਰ ਦੇ ਬੱਚਿਆਂ ਦਾ ਨਤੀਜਾ ਰੈਪ ਐਰਾਉਂਡ ਕੇਅਰ ਵਾਲੀ ਮੰਗ ਵਿੱਚ ਵਾਧਾ ਹੋਏਗਾ, ਜੇਕਰ ਸੁਝਾਅ ਹੋਰ ਅੱਗੇ ਵਧਦੇ ਹਨ ਤਾਂ ਅਸੀਂ ਪ੍ਰਦਾਤਾ ਅਤੇ ਸਕੂਲ ਨਾਲ ਪ੍ਰੋਵੀਜ਼ਨ ਵਿੱਚ ਵਾਧਾ ਕਰਨ ਲਈ ਆਪਸ਼ੰਜ਼ (ਚੋਣਾਂ) ਬਾਰੇ ਗੱਲ ਬਾਤ ਕਰਾਂਗੇ।

**ਆਪਣੇ ਵਿਚਾਰ ਕਿਵੇਂ ਦੇ ਸਕਦੇ ਹੋ**

ਅਸੀਂ ਲੜੀ ਵਾਰ ਡਰਾਪ-ਇਨ ਸੈਸ਼ਨਜ਼ ਕਰ ਰਹੇ ਹਾਂ ਅਤੇ ਇਕ ਪਬਲਿਕ ਮੀਟਿੰਗ ਵੀ ਤਾਂ ਜੋ ਸਥਾਨਕ ਨਿਵਾਸੀ, ਪੇਰੈਂਟਸ ਅਤੇ ਹੋਰ ਇਸ ਵਿੱਚ ਦਿਲਚਸਪੀ ਰੱਖਣ ਵਾਲੀਆਂ ਪਾਰਟੀਆਂ ਇਨ੍ਹਾਂ ਸੁਝਾਵਾਂ ਬਾਰੇ ਹੋਰ ਜ਼ਿਆਦਾ ਪਤਾ ਕਰਨ ਲਈ, ਸਵਾਲ ਪੁੱਛਣ ਲਈ ਅਤੇ ਆਪਣੇ ਵਿਚਾਰਾਂ ਦੀ ਸਾਡੇ ਨਾਲ ਸਾਂਝ ਕਰਨ ਲਈ ਇਨ੍ਹਾਂ ਵਿੱਚ ਆ ਸਕਦੇ ਹਨ।

ਜੇਕਰ ਤਹਾਨੂੰ ਇਨ੍ਹਾਂ ਸੈਸ਼ਨਾਂ ਵਿੱਚੋਂ ਕਿਸੇ ਵਿੱਚ ਵੀ ਹਾਜ਼ਰ ਹੋਣ ਲਈ ਕਿਸੇ ਇੰਟਰਪਰੈੱਟਰ ਦੀ ਲੋੜ ਤਾਂ ਨਹੀਂ।

**ਸਾਰੀਆਂ ਮੀਟਿੰਗਾਂ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਵਿੱਚ ਹੋਣਗੀਆਂ।**

| **ਸੈਸ਼ਨ/ਟਾਈਪ** | **ਤਾਰੀਖ** | **ਸਮਾਂ** |
| --- | --- | --- |
| **ਡਰਾਪ-ਇਨ ਸੈਸ਼ਨ**-ਕਿਰਪਾ ਕਰਕੇ ਸਵੇਰੇ 9 ਅਤੇ 10 ਵਜੇ ਦੌਰਾਨ ਕਿਸੇ ਸਮੇਂ ਵੀ ਆ ਸਕਦੇ ਹੋ | ਬੁੱਧਵਾਰ 28 ਮਾਰਚ 2018 | ਸਵੇਰੇ 9:00 ਵਜੇ ਤੋਂ |
| **ਡਰਾਪ-ਇਨ ਸੈਸ਼ਨ** ਕਿਰਪਾ ਕਰਕੇ ਸ਼ਾਮੀਂ 3-30 ਤੋਂ ਲੈ ਕੇ 4:30 ਵਜੇ ਤਕ-ਕਿਰਪਾ ਕਰਕੇ ਕਿਸੀ ਸਮੇਂ ਆ ਸਕਦੇ ਹੋ। | ਮੰਗਲਵਾਰ 17 ਅਪ੍ਰੈਲ 2018 | ਸ਼ਾਮੀ 3-30 ਵਜੇ ਤੋਂ |
| **ਡਰਾਪ-ਇਨ ਸੈਸ਼ਨ ਅਤੇ ਪਬਲਿਕ 'ਮੀਟਿੰਗ** ਡਰਾਪ-ਇਨ ਦੇ ਭਾਗ ਦੇ ਤੌਰ ਤੇ ਉਥੇ ਰਸਮੀ ਤੌਰ ਤੇ ਸਵਾਲ-ਜਵਾਬ ਹੋਣਗੇ। ਸੈਸ਼ਨ ਸ਼ਾਮੀ 6-30 ਸ਼ੁਰੂ ਹੋਏਗਾ। | ਵੀਰਵਾਰ 19 ਅਪ੍ਰੈਲ 2018 | ਸ਼ਾਮੀ 5-30 ਵਜੇ ਤੋਂ |

**ਜਵਾਬ ਇਨ੍ਹਾਂ ਤਰੀਕਿਆਂ ਨਾਲ ਦਿਤੇ ਜਾ ਸਕਦੇ ਹਨ:**

ਸਾਡੇ ਆਨ ਲਾਈਨ ਸਰਵੇ ਦੀ ਵਰਤੋਂ ਕਰੋ : https://surveys.leeds.gov.uk/s/MoorAllertonHallConsultation/

ਕੰਸਲਟੇਸ਼ਨ ਰੈਸਪਾਂਸ ਫਾਰਮ ਭਰੋ ਜਿਹੜਾ ਇਸ ਬੁੱਕਲੈੱਟ ਵਿੱਚ ਪ੍ਰਦਾਨ ਕੀਤਾ ਗਿਆ ਹੈ ਅਤੇ ਇਹ ਡਰਾਪ-ਇਨ ਸੈਸ਼ਨਾਂ ਵਿੱਚ ਉਪਲਬਧ ਹਨ :

- ਇਸ ਨੂੰ ਡਰਾਪ-ਇਨ ਅਵਸਰ ਸਮੇਂ ਜਮਾ ਕਰਵਾ ਦੇਣਾ।
- ਇਸ ਨੂੰ ਸਕੂਲ ਆਫਿਸ ਵਿੱਚ ਦੇ ਆਓ ;
- ਇਸ ਨੂੰ ਈ-ਮੇਲ ਕਰੋ educ.school.organisation@leeds.gov.uk; ਜਾਂ
- ਇਸ ਨੂੰ ਡਾਕ ਰਾਹੀਂ ਭੇਜੋ : Sufficiency and Participation Team, Leeds City Council, PO Box 837, 7Th Floor East, Merrion House, 110 Merrion Centre, LEEDS, LS2 8BB

ਜਵਾਬ ਨੂੰ ਲੀਡਜ਼ ਸਿਟੀ ਕੌਂਸਿਲ ਦੀ Word Press Site ਤੇ ਪੋਸਟ (ਡਾਕ ਰਾਹੀਂ) ਕਰੋ (ਡਿਸਕਸ਼ਨ ਫੋਰਮ) https://leedsschoolplaceplanning.wordpress.com/category/roundhay/

ਇਹ ਬੁੱਕਲੈੱਟ, ਨਾਲੇ ਸੁਝਾਅ ਦੀ ਪ੍ਰਗਤੀ ਬਾਰੇ ਜਾਣਕਾਰੀ ਇਥੇ ਉਪਲਬਧ ਹੈ:
http://www.leeds.gov.uk/residents/Pages/Currentschoolsconsultation.aspx

**ਜ਼ਰੂਰੀ ਹੈ ਕਿ ਇਸ ਕੰਸਲਟੇਸ਼ਨ (ਸਲਾਹ-ਮਸ਼ਵਰਾ) ਦੀ ਪ੍ਰਤਿਕ੍ਰਿਆ ਵਿੱਚ ਜੋ ਕੁੱਝ ਵੀ ਕਹਿਣਾ ਹੈ ਉਹ 4 ਮਈ 2018 ਨੂੰ ਸ਼ਾਮੀਂ 4 ਵਜੇ ਤਕ ਕਹਿਣਾ ਚਾਹੀਦਾ ਹੈ, ਇਸ ਸਮੇਂ ਤੋਂ ਬਾਅਦ ਵਿੱਚ ਨਹੀਂ।**

**ਇਸ ਪ੍ਰੋਸੈੱਸ (ਪ੍ਰਣਾਲੀ) ਦੇ ਅਗਲੇ ਸਟੈੱਪਸ (ਕਦਮ) ਕੀ ਹਨ ?**

| **ਤਾਰੀਖ** | **ਮੁੱਖ ਘਟਨਾ** |
|---|---|
| 23 ਮਾਰਚ 2018 | ਸਲਾਹ ਮਸ਼ਵਰੇ ਦਾ 6 ਹਫਤਿਆਂ ਵਾਲਾ ਪੜਾ ਸ਼ੁਰੂ ਹੁੰਦਾ ਹੈ। ਇਹ ਅਵਸਰ ਹੈ ਜਦੋਂ ਤੁਸੀਂ ਆਪਣੇ ਵਿਚਾਰ/ਪ੍ਰਤਿਕ੍ਰਿਆ ਦੇ ਸਕਦੇ ਹੋ ਅਤੇ ਜਾਣਕਾਰੀ ਵਾਲੇ ਡਰਾਪ-ਇਨ ਸੈਸ਼ਨਾਂ ਵਿੱਚ ਆਉਣਾ। |
| 4 ਮਈ 2018 | ਸਲਾਹ ਮਸ਼ਵਰਾ ਸ਼ਾਮੀਂ 4 ਵਜੇ ਸਮਾਪਤ ਹੋ ਜਾਏਗਾ |
| 27 ਜੂਨ 2018 | ਜਲਦੀ ਤੋਂ ਜਲਦੀ ਵਾਲੀ ਤਾਰੀਖ ਜਦੋਂ ਸਲਾਹ ਮਸ਼ਵਰੇ ਵਾਲੀ ਰਿਪੋਰਟ ਦਾ ਤਿਆਰ ਕੀਤਾ ਗਿਆ ਖੁਲਾਸਾ ਐਗਜ਼ੈਕਟਿਵ ਬੋਰਡ ਵੱਲੋਂ ਵਿਚਾਰਿਆ ਜਾ ਸਕਦਾ ਹੈ ਕਿ ਕੀ ਸੁਝਾਅ ਅੱਗੇ ਵੱਧ ਸਕਦੇ ਹਨ |
| 9 ਜੁਲਾਈ 2018 | ਜਲਦੀ ਤੋਂ ਜਲਦੀ ਵਾਲੀ ਤਾਰੀਖ ਜਦੋਂ ਕਾਨੂੰਨੀ ਨੋਟਿਸ ਪ੍ਰਕਾਸ਼ਿਤ ਹੋ ਸਕਦੇ ਹਨ (ਜੇਕਰ ਪ੍ਰਵਾਨਗੀ ਮਿਲ ਗਈ ਤਾਂ), ਇਸ ਤੋਂ ਬਾਅਦ ਚਾਰ ਹਫਤਿਆਂ ਵਾਲਾ ਰੈੱਪਰੇਜ਼ੈਂਟੇਸ਼ਨ ਪੀਰੀਅਡ (ਨੁਮਾਇੰਦਗੀ ਵਾਲਾ ਸਮਾਂ) ਹੋਵੇਗਾ। |
| ਸਤੰਬਰ 2018 | ਜਲਦੀ ਤੋਂ ਜਲਦੀ ਵਾਲੀ ਤਾਰੀਕ ਜਦੋਂ ਐੱਗਜ਼ੈਕਟਿਵ ਬੋਰਡ ਵੱਲੋਂ ਰਿਪੋਰਟ ਤੇ ਵਿਚਾਰ ਕੀਤਾ ਜਾ ਸਕਦਾ ਹੈ ਤਾਂ ਜੋ ਇਹ ਇਸ ਸੁਝਾਅ ਤੇ ਆਖਰੀ ਫੈਂਸਲਾ ਕਰ ਸਕੇ। |
| ਸਤੰਬਰ 2019 | ਇਹ ਉਹ ਤਾਰੀਖ ਹੈ ਜਦੋਂ ਜੇਕਰ ਇਨ੍ਹਾਂ ਸੁਝਾਵਾਂ ਦੀ ਪ੍ਰਵਾਨਗੀ ਮਿਲ ਜਾਂਦੀ ਹੈ ਤਾਂ ਹੋਰ ਜ਼ਿਆਦਾ ਪ੍ਰਾਇਮਰੀ ਥਾਂਵਾਂ ਉਪਲੱਬਧ ਹੋਣਗੀਆਂ। |

**ਸ਼ਬਦ-ਅਰਥ ਸੂਚੀ**

| | |
|---|---|
| **ਐੱਗਜ਼ੈਕਟਿਵ ਬੋਰਡ** | ਫੈਂਸਲਾ ਕਰਨ ਵਾਲੀ ਲੀਡਜ਼ ਸਿਟੀ ਕੌਂਸਿਲ ਦੀ ਬਾਡੀ (ਸਭਾ) ਜਿਹੜੀ ਕੌਂਸਿਲ ਦੇ ਲੀਡਰ ਅਤੇ ਨੌਂ ਹੋਰ ਐੱਗਜ਼ੈਕਟਿਵ ਮੈਂਬਰ ਜਿਹੜੇ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਹਨ ਐੱਗਜ਼ੈਕਟਿਵ ਬੋਰਡ ਅਟੈਂਡ ਕਰਦੇ ਹਨ। |
| **ਫਾਰਮ ਆਫ ਐਂਟਰੀ** | ਪ੍ਰਾਇਮਰੀ ਸਕੂਲਾਂ ਦੀ ਵਿਵਸਥਾ ਇਸ ਪ੍ਰਕਾਰ ਕਰਨੀ ਜਿਸ ਨਾਲ 30 ਦੇ ਆਲੇ ਦੁਆਲੇ ਦੀਆਂ ਕਲਾਸਾਂ ਹੋਣ ਇਕ ਵਨ ਫਾਰਮ ਆਫ ਐਂਟਰੀ ਸਕੂਲ ਦੇ 30 ਵਿਦਿਆਰਥੀਆਂ ਵਾਲੇ ਸੱਭ ਯੀਅਰ ਗਰੁੱਪ ਹਨ, ਇਕ ਟੂ ਫੋਰਮ ਆਫ ਐੱਟਰੀ ਸਕੂਲ ਦੇ ਸੱਤ ਯੀਅਰ ਗਰੁੱਪ ਹਨ, ਹਰ ਇਕ ਵਿੱਚ 60 ਦੇ ਆਲੇ ਦੁਆਲੇ ਵਿਦਿਆਰਥੀ ਹਨ। |
| **ਰੀਸੈਪਸ਼ਨ ਕਲਾਸ** | ਇਹ ਇਹੋ ਜਿਹੇ ਬੱਚਿਆਂ ਦਾ ਫਰਸਟ ਯੀਅਰ ਗਰੁੱਪ ਹੈ ਜਿਨ੍ਹਾਂ ਨੇ, ਉਸ ਸਾਲ ਵਿੱਚ ਪ੍ਰਾਇਮਰੀ ਸਕੂਲ ਸ਼ੁਰੂ ਕਰਨਾ ਹੈ। ਜਿਸ ਸਾਲ ਉਹ 5 ਸਾਲ ਦੇ ਹੋ ਜਾਣਗੇ। |
| **ਸਟੇਕਹੋਲਡਰ** | ਕੋਈ ਵੀ ਇਹੋ ਜਿਹਾ ਬੰਦਾ ਜਿਸ ਨੂੰ ਸੁਝਾਅ ਦੀ ਚਿੰਤਾ ਹੈ ਉਦਾਹਰਣ ਵੱਜੋਂ ਪੇਰੈਂਟ (ਮਾਤਾ-ਪਿਤਾ), ਸਟਾਫ ਦਾ ਮੈਂਬਰ, ਸਥਾਨਕ ਕਮਿਉਨਿਟੀ ਗਰੁੱਪ ਦਾ ਮੈਂਬਰ, ਸਥਾਨਕ ਨਿਵਾਸੀ ਆਦਿ। |
| **ਸਟੈਚੂਟਰੀ ਨੋਟਿਸ ਪੀਰੀਅਡ ਜਾਂ ਸਟੈਚੂਟਰੀ ਨੋਟਿਸ** | ਜਨਤਾ ਨੂੰ ਜਾਣਕਾਰੀ ਦੇਣ ਲਈ ਕਾਨੂੰਨ ਵੱਲੋਂ ਤੈਅ ਕੀਤੇ ਗਏ ਸਮੇਂ ਅਨੁਸਾਰ ਕਿ ਸਥਾਨਕ ਸਰਕਾਰ ਕੁੱਝ ਕਰਨ ਬਾਰੇ ਸੋਚ ਰਹੀ ਹੈ ਜਾਂ ਕਿਸੇ ਚੀਜ਼ ਵਿੱਚ ਤਬਦੀਲੀ ਕਰਨ ਬਾਰੇ ਵੀ। ਸਟੈਚੂਟਰੀ ਨੋਟਿਸ ਨੂੰ ਸੁਝਾਅ ਵਾਲੇ ਵੇਰਵਿਆਂ ਸਮੇਤ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਅਤੇ ਇਸ ਬਾਰੇ ਟਿੱਪਣੀਆਂ ਕਰਨ ਦਾ ਸੱਦਾ ਦੇਂਦੀ ਹੈ। ਇਸੇ ਤਰ੍ਹਾਂ ਇਹ ਸਲਾਹ ਮਸ਼ਵਰੇ ਵਾਲੇ ਸਮੇਂ ਤੋਂ ਬਾਅਦ ਹੁੰਦਾ ਹੈ। |
| **ਬਲਜ ਕੋਹੋਰਟ** | ਜਿਥੇ ਸਕੂਲ ਆਰਜ਼ੀ ਤੌਰ ਤੇ ਪ੍ਰਕਾਸ਼ਿਤ ਗਿਣਤੀ ਨਾਲੋਂ ਹੋਰ ਜ਼ਿਆਦਾ ਬੱਚੇ ਦਾਖਿਲ ਕਰਦਾ ਹੈ – ਇਹ ਆਮ ਤੌਰ ਤੇ 15 ਜਾਂ 30 ਬੱਚਿਆਂ ਦਾ ਵਾਧੂ ਗਰੁੱਪ ਹੋਂਦਾ ਹੈ। |
| **ਸਕੂਲਜ਼ ਐੱਡਜੂਡੀਕੇਟਰ** | ਸਕੂਲਜ਼ ਐੱਡਜੂਡੀਕੇਟਰ ਦਾ ਦਫਤਰ ( ਓ ਐੱਸ ਏ ) ਸਕੂਲਾਂ ਵਿੱਚ ਦਾਖਲੇ ਦੀ ਕਾਨੂੰਨੀ ਨੀਤੀ ਨੂੰ ਸਪਸ਼ਟ ਕਰਨ ਵਿੱਚ ਸਹਾਇਤਾ ਕਰਦਾ ਹੈ ਅਤੇ ਸਕੂਲੀ ਸੰਸਥਾ ਦੇ ਸੁਝਾਵਾਂ ਬਾਰੇ ਝਗੜਿਆਂ ਨੂੰ ਸੁਲਝਾਉਣ ਲਈ ਜ਼ਿੰਮੇਵਾਰ ਹੈ। |

If you do not speak English and need help in understanding this booklet, you or a friend can telephone **0113 3785945** and ask for this to be arranged. We will then contact an interpreter. We can assist with any language and there is no charge for interpretation. If any of the information is required in large print/braille/ audio tape/CD please contact us.

**Arabic:**

إن كنت لا تتحدث باللغة الإنجليزية وتحتاج لمساعدة لفهم هذا المستند؛ الرجاء الاتصال بالهاتف على الرقم أدناه، واذكر اسم لغتك .حينئذ، سوف نطلب منك أن تنتظر على الخط حتى نتصل بمترجم.

**Bengali:**

যদি আপনি ইংরেজীতে কথা বলতে না পারেন এবং এই দলিলটি বুঝতে পারার জন্য সাহায্যের দরকার হয়, তাহলে দয়া করে নিচের নম্বরে ফোন করে আপনার ভাষাটির নাম বলুন। আমরা তখন আপনাকে লাইনে থাকতে বলে কোন দোভাষীর (ইন্টারপ্রিটার) সাথে যোগাযোগ করব।

**Cantonese:**

如你不懂說英語而需要協助以明白本文件，請致電下列電話號碼並說明你的母語。我們將會請你稍候以聯絡口譯員。

**Farsi:**

اگر شما به زبان انگلیسی صحبت نمی کنید و برای فهمیدن این مدرک نیاز به کمک دارید، لطفاً به شماره زیر تلفن کرده و نام زبان خود را ذکر نمائید. ما سپس از شما خواهیم خواست که تلفن را نگهدارید تا با مترجم تماس بگیریم.

**Hindi:**

यदि आप इंग्लिश नहीं बोलते हैं और इस दस्तावेज़ को समझने में आपको मदद चाहिए, तो कृपया नीचे दिए गए नंबर पर फ़ोन करें और अपनी भाषा का नाम बोलें। उसके बाद जब तक हम किसी दुभाषिए (इंटरप्रिटर) से संपर्क करेंगे, हम आपको होल्ड पर रखेंगे।

**Punjabi:**

ਜੇਕਰ ਤੁਸੀਂ ਇੰਗਲਿਸ਼ ਨਹੀਂ ਬੋਲਦੇ ਅਤੇ ਤੁਹਾਨੂੰ ਇਸ ਦਸਤਾਵੇਜ਼ ਨੂੰ ਸਮਝਣ  ਲਈ ਸਹਾਇਤਾ ਚਾਹੀਦੀ ਹੈ ਤਾਂ ਕਿਰਪਾ ਕਰਕੇ ਹੇਠਾਂ ਵਾਲੇ ਨੰਬਰ ਤੇ ਟੈਲੀਫੋਨ ਕਰੋ ਅਤੇ ਆਪਣੀ ਜ਼ਬਾਨ ਦਾ ਨਾਂਅ ਦੱਸੋ। ਫੇਰ ਅਸੀਂ ਤੁਹਾਨੂੰ ਇੰਤਜ਼ਾਰ ਕਰਨ ਲਈ ਕਹਾਂਗੇ ਤਾਂ ਜੋ ਅਸੀਂ ਕਿਸੇ ਇੰਟਰਪਰੈਟਰ (ਦੁਭਾਸ਼ੀ) ਨਾਲ ਸੰਪਰਕ ਕਰ ਸਕੀਏ।

**Kurdish:**

گەر زمانی ئینگلیزی نازانیت و پێویستت بە هاوکاریە لە تێگەیشتنی ئەم بەڵگەنامەیەدا، تکایە تەلەفۆن بۆ ژمارەکەی خوارەوە بکە و زمانی ئاخاوتنی خۆت بڵێ. ئێمەش تۆ ڕادەگرین لەسەر تەلەفۆنەکە تا وەرگێڕێکی زمانت بۆ دابین دەکەین.

**Tigrinya:**

እንግልሽ ዘይትዛረብ/ቢ እንተኾንካ/ኪ እሞ ነዚ ደኩመንት’ዚ/ሰነድ’ዚ ንምርዳእ ሓገዝ ምስ ዘድልየካ/ኪ ቋንቋኻ/ኺ ብምሕባር ኣብ’ዚ ኣብ ታሕቲ ተገሊጹ ዘሎ ቁጽሪ ተሌፎን ደውለልና/ደውልልና:: ብድሕሪኡ ንሕና ኣስተርጓማይ ክሳብ ንረክብ ኣብ መስመር ክነጸብየካ/ኪ ኢና::

**Urdu:**

اگر آپ انگریزی نہیں بولتے ہیں اور اس دستاویز کو سمجھنے کیلئے آپ کو مدد کی ضرورت ہے تو براہِ مہربانی نیچے دیئے گئے نمبر پر ٹیلی فون کریں اور اپنی زبان کا نام بتائیں۔ اس کے بعد ہم آپ سے انتظار کرنے کا کہہ کر آپ کیلئے کسی ترجمان سے رابطہ کریں گے۔

**Czech:**
Jestliže nemluvíte anglicky a potřebujete, aby vám někdo pomohl vysvětlit tento dokument, prosím zavolejte na níže uvedené číslo a uveďte svůj jazyk. Potom vás požádáme, abyste nepokládal(-a) telefon a mezitím zkontaktujeme tlumočníka.

**French:**
Si vous ne parlez pas anglais et que vous avez besoin d'aide pour comprendre ce document, veuillez téléphoner au numéro ci-dessous et indiquez votre langue. Nous vous demanderons d'attendre pendant que nous contactons un(e) interprètre.

**Polish:**
Jeżeli nie mówią Państwo po angielsku i potrzebują pomocy w zrozumieniu tego dokumentu, prosimy zadzwonić pod poniższy numer telefonu. Po podaniu nazwy swojego ojczystego języka prosimy poczekać – w tym czasie będziemy kontaktować się z tłumaczem.

**Slovak:**
Ak nehovoríte anglicky a potrebujete, aby vám niekto pomohol vysvetliť tento dokument, prosím zavolajte na nižšie uvedené číslo a uveďte svoj jazyk. Potom vás požiadame, aby ste nepokladali telefón a medzitým skontaktujeme tlmočníka.

**Somali:**
Haddii aadan af Ingiriiska ku hadlin una baahan tahay in fahamka dukumentigan lagugu caawino, fadlan soo wac lambarka teleefoonka hoose oo magaca sheeg luqaddaadag. Ka dib baan kugu oran doonaa sug inta aan turjumaan la xiriireyno.

**Romanian:**
Dacă nu vorbiți limba engleză și aveți nevoie de ajutor în înțelegerea acestei broșuri, puteți suna la 0113 3785945 și cereți ca această broșură să fie tradusă în limba dvs. de către un interpret. Putem oferi asistență în orice limbă și traducerea este gratuită. Dacă oricare dintre informații este solicitată în format mare de imprimare / alfabetul braille / banda audio / CD, vă rugăm să ne contactați.

**ਕੰਸਲਟੇਸ਼ਨ ਰਿਸਪੌਂਸ ਫਾਰਮ**

**(ਸਲਾਹ ਮਸ਼ਵਰੇ ਦੀ ਪ੍ਰਤੀਕ੍ਰਿਆ ਵਾਲਾ ਫਾਰਮ)**

ਨਵੰਬਰ 2019 ਤੋਂ ਰਿਸੈਪਸ਼ਨ ਵਿੱਚ ਪੱਕੇ ਤੌਰ ਤੇ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਨੂੰ ਵੱਡਾ ਕਰਨਾ,
60 ਥਾਂਵਾਂ (2 ਤਰ੍ਹਾਂ ਦੀ ਐਂਟਰੀ) ਤੋਂ 90 ਥਾਂਵਾਂ ਵਾਲਾ ਕਰਨਾ (3 ਤਰ੍ਹਾਂ ਦੀ ਐਂਟਰੀ)

**ਕਿਰਪਾ ਕਰਕੇ ਸਾਨੂੰ ਦੱਸੋ ਕਿ ਤੁਸੀਂ ਕੌਣ ਹੋ** : ☑

☐ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਵਿੱਚ ਬੱਚੇ ਦਾ ਪੇਰੈਂਟ/ਕੇਅਰਰ

☐ 2018 ਜਾਂ ਇਸ ਤੋਂ ਬਾਅਦ ਸਕੂਲ ਸ਼ੁਰੂ ਕਰਨ ਵਾਲੇ ਬੱਚੇ ਦੇ ਪੇਰੈਂਟ/ਕੇਅਰਰ ਹੋ

☐ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਵਿੱਚ ਵਿਦਿਆਰਥੀ ਹੋ

☐ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਵਿੱਚ ਸਕੂਲ ਗਵਰਨਰ ਹੋ

☐ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਵਿੱਚ ਸਟਾਫ ਮੈਂਬਰ ਹੋ

☐ ਕਿਸੇ ਹੋਰ ਸਕੂਲ ਵਿੱਚ ਸਟਾਫ ਮੈਂਬਰ ਹੋ

☐ ਸਥਾਨਕ ਨਿਵਾਸੀ

☐ ਕੌਂਸਲਰ ( ਨਿਰਵਾਚਿਤ ਮੈਂਬਰ )

☐ ਕੋਈ ਹੋਰ (ਕਿਰਪਾ ਕਰਕੇ ਬਿਆਨ ਕਰੋ):______________________________

**ਸਰਵੇ ਦੇ ਸਵਾਲ:**

**ਸਵਾਲ 1. ਕੀ ਤੁਸੀਂ ਪੱਕੇ ਤੌਰ ਤੇ ਮੂਅਰ ਐੱਲਰਟਨ ਹਾਲ ਪ੍ਰਾਇਮਰੀ ਸਕੂਲ ਨੂੰ ਵੱਡਾ ਕਰਨ ਨੂੰ ਸਪੋਰਟ ਕਰਦੇ ਹੋ ਜਾਂ ਇਸ ਦਾ ਵਿਰੋਧ ਕਰਦੇ ਹੋ ਜਿਸ ਵਿੱਚ 60 ਥਾਂਵਾਂ (2 ਤਰੀਕਿਆਂ ਦੀ ਐਂਟਰੀ) ਤੋਂ 90 ਥਾਂਵਾਂ (3 ਤਰੀਕਿਆਂ ਦੀ ਐਂਟਰੀ) ਸਤੰਬਰ 2019 ਤੋਂ ਰਿਸੈਪਸ਼ਨ ਵਿੱਚ ਤਬਦੀਲੀ ਕਰਨਾ ਸ਼ਾਮਲ ਹੈ ?**

☐ ਬਹੁਤ ਜ਼ਿਆਦਾ ਸਪੋਰਟ ਕਰਦੇ ਹਾਂ ☐ ਥੋੜ੍ਹਾ ਬਹੁਤ ਸਪੋਰਟ ਕਰਦੇ ਹਾਂ ☐ ਥੋੜ੍ਹਾ ਬਹੁਤ ਵਿਰੋਧ ਕਰਦੇ ਹਾਂ ☐ ਬਹੁਤ ਜ਼ਿਆਦਾ ਵਿਰੋਧ ਕਰਦੇ ਹਾਂ ☐ ਪੱਕਾ ਪਤਾ ਨਹੀਂ

ਤੁਸੀਂ ਸਾਨੂੰ ਕਾਰਣ ਦੱਸੋ ਕਿ ਤੁਸੀਂ ਸੁਝਾਅ ਦੀ ਸਪੋਰਟ ਕਿਉਂ ਕਰਦੇ ਹੋ, ਇਸ ਦੇ ਕਾਰਣ ਦੱਸੋ ( ਜੇ ਲੋੜ ਹੋਵੇ ਤਾਂ ਤੁਸੀਂ ਕੋਈ ਹੋਰ ਕਾਗਜ਼ ਲੈ ਕੇ ਉਸ ਤੇ ਲਿਖਣਾ ਜਾਰੀ ਰੱਖ ਸਕਦੇ ਹੋ ) :

ਕਿਰਪਾ ਕਰਕੇ ਸਾਨੂੰ ਦੱਸੋ ਕਿ ਤੁਸੀਂ ਸੁਝਾਅ ਦਾ ਵਿਰੋਧ ਕਿਉਂ ਕਰਦੇ ਹੋ ਜਾਂ ਇਸ ਬਾਰੇ ਚਿੰਤਤ ਹੋ (ਜੇ ਲੋੜ ਹੋਵੇ ਤਾਂ ਤੁਸੀਂ ਕੋਈ ਹੋਰ ਕਾਗਜ਼ ਲੈ ਕੇ ਲਿਖਣਾ ਜਾਰੀ ਰੱਖ ਸਕਦੇ ਹੋ ) :

**ਸਵਾਲ 2. ਅਸੀਂ ਤੁਹਾਨੂੰ ਜਿਹੜੀ ਜਾਣਕਾਰੀ ਇਸ ਪਬਲਿਕ ਸਲਾਹ ਮਸ਼ਵਰੇ ਵਿੱਚ ਦਿੱਤੀ ਸੀ ਉਹ ਕਿੰਨੀ ਲਾਭਦਾਇਕ ਸੀ ?**

☐ ਬਹੁਤ ਜ਼ਿਆਦਾ ਲਾਭਦਾਇਕ ☐ ਕਾਫੀ ਲਾਭਦਾਇਕ ☐ ਬਹੁਤ ਥੋੜ੍ਹੀ ਲਾਭਦਾਇਕ ☐ ਬਿਲਕੁਲ ਲਾਭਦਾਇਕ ਨਹੀਂ
☐ ਪੱਕਾ ਨਹੀਂ ਪਤਾ/ਲਾਗੂ ਨਹੀਂ ਹੁੰਦਾ

ਇਸ ਪਬਲਿਕ ਕੰਸਲਟੇਸ਼ਨ ਵਿੱਚ ਭਾਗ ਲੈਣ ਦੇ ਤੁਹਾਡੇ ਤਜਰਬੇ ਬਾਰੇ ਤੁਹਾਡੇ ਵਿਚਾਰ :

**ਤੁਹਾਡੇ ਬਾਰੇ**

ਅਸੀਂ ਤੁਹਾਡੇ ਬਾਰੇ ਥੋੜ੍ਹਾ ਜਿਹਾ ਹੋਰ ਜਾਣਨਾ ਚਾਹਾਂਗੇ। ਇਹ ਇਸ ਕਰਕੇ ਹੈ ਕਿ ਅਸੀਂ ਭਿੰਨ ਪਿਛੋਕੜ ਵਾਲੇ ਕਈ ਤਰ੍ਹਾਂ ਦੇ ਲੋਕਾਂ ਕੋਲੋਂ ਉਨ੍ਹਾਂ ਦੀ ਗੱਲ ਸੁਣ ਰਹੇ ਹਾਂ ਅਤੇ ਹੋਰ ਵੀ ਚੰਗੀ ਤਰ੍ਹਾਂ ਤੁਹਾਡੀ ਗੱਲ ਨੂੰ ਸਮਝ ਰਹੇ ਹਾਂ। ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਨਾਲ ਸਾਨੂੰ ਇਸ ਗੱਲ ਤੇ ਵਿਚਾਰ ਕਰਨ ਵਿੱਚ ਸਾਨੂੰ ਸਹਾਇਤਾ ਮਿਲੇਗੀ ਕਿ ਸਾਡੀਆਂ ਨੀਤੀਆਂ ਦਾ ਵੱਖ ਵੱਖ ਪਿਛੋਕੜ ਵਾਲੇ ਲੋਕਾਂ ਤੇ ਕੀ ਪ੍ਰਭਾਵ ਪੈਂਦਾ ਹੈ। ਇਕੂਐਲਿਟੀ ਐੈੱਕਟ 2010 ਅਨੁਸਾਰ ਸਾਡੀ ਇਸ ਤਰ੍ਹਾਂ ਕਰਨ ਦੀ ਡਿਊਟੀ ਹੈ।

**ਤੁਹਾਡੀ ਕਿੰਨੀ ਉਮਰ ਹੈ ?**

☐ 0-15 ☐ 16-24 ☐ 25-34 ☐ 35-44 ☐ 45-54 ☐ 55-64 ☐ 65-74 ☐ 75-84 ☐ 85+
☐ ਦਸਨਾ ਨਹੀਂ ਚਾਹੁੰਦਾ

**ਤੁਸੀਂ ਆਪਣੇ ਲਿੰਗ ਬਾਰੇ ਚੰਗੀ ਤਰ੍ਹਾਂ ਕੀ ਦੱਸ ਸਕਦੇ ਹੋ ?**

☐ ਪੁਰਸ਼ ☐ ਇਸਤ੍ਰੀ ☐ ਆਪ ਦਸਨਾ ਚਾਹਾਂਗਾ

**ਤੁਹਾਡਾ ਨਸਲੀ ਗਰੁੱਪ ਕਿਹੜਾ ਹੈ ?**

**ਗੋਰਾ**

☐ ਇੰਗਲਿਸ਼ / ਵੈੱਲਸ਼ / ਸਕੌਟਿਸ਼ / ਉੱਤਰੀ ਆਇਰਿਸ਼ / ਬ੍ਰਿਟਿਸ਼ ☐ ਆਇਰਿਸ਼
☐ ਜਿਪਸੀ ਜਾਂ ਆਇਰਿਸ਼ ਟ੍ਰੈੱਵਲਰ ☐ ਕੋਈ ਹੋਰ ਗੋਰੇ ਪਿਛੋਕੜ ਵਾਲਾ

**ਮਿਸ਼੍ਰਿਤ / ਵਿਭੰਨ ਨਸਲੀ ਗੱਰੁਪ**

☐ ਗੋਰਾ ਅਤੇ ਬਲੈਕ ਕੈਰੀਬੀਅਨ ☐ ਗੋਰਾ ਅਤੇ ਬਲੈਕ ਅਫਰੀਕਨ ☐ ਗੋਰਾ ਅਤੇ ਏਸ਼ੀਅਨ
☐ ਕੋਈ ਹੋਰ ਮਿਸ਼੍ਰਿਤ / ਵਿਭੰਨ ਨਸਲੀ ਪਿਛੋਕੜ

**ਏਸ਼ੀਅਨ / ਏਸ਼ੀਅਨ ਬ੍ਰਿਟਿਸ਼**

☐ ਇੰਡੀਅਨ ☐ ਪਾਕਿਸਤਾਨੀ ☐ ਬੰਗਲਾਦੇਸ਼ੀ ☐ ਕਸ਼ਮੀਰੀ ☐ ਚੀਨੀ
☐ ਕੋਈ ਹੋਰ ਏਸ਼ੀਅਨ ਪਿਛੋਕੜ

**ਬਲੈਕ / ਅਫੀਰਕਨ / ਕੈਰੀਬੀਅਨ / ਬਲੈਕ ਬ੍ਰਿਟਿਸ਼**

☐ ਅਫਰੀਕਨ ☐ ਕੈਰੀਬੀਅਨ ☐ ਕੋਈ ਹੋਰ ਬਲੈਕ / ਅਫਰੀਕਨ / ਕੈਰਿਬੀਅਨ ਪਿਛੋਕੜ

**ਕੋਈ ਹੋਰ ਨਸਲੀ ਗਰੁੱਪ**

☐ ਅਰਬ ☐ ਕੋਈ ਹੋਰ ਨਸਲੀ ਗਰੁੱਪ

ਜੇਕਰ ਤੁਸੀਂ ਕੋਈ ਹੋਰ ਚੋਣ ਕੀਤੀ ਹੈ ਤਾਂ ਕਿਰਪਾ ਕਰਕੇ ਆਪਣੇ ਨਸਲੀ ਗਰੁੱਪ ਦਾ ਵਰਣਨ ਕਰੋ :

**ਲਿੰਗਕ ਰੁਚੀ ਬਾਰੇ ਸੋਚਦਿਆਂ ਹੋਇਆਂ, ਤੁਹਾਡਾ ਕੀ ਖਿਆਲ ਹੈ ਕਿ ਇਹਨਾਂ ਵਿੱਚੋਂ ਕਿਹੜੀ ਰੁਚੀ ਦਸਦੀ ਹੈ ਕਿ ਤੁਸੀਂ ਆਪਣੇ ਆਪ ਬਾਰੇ ਕਿਵੇਂ ਸੋਚਦੇ ਹੋ ?**

☐ ਵਿਰੋਧੀ – ਲਿੰਗਕ ਜਾਂ ਸਿੱਧਾ ☐ ਸਮਲਿੰਗ ਭੋਗੀ ਪੁਰਸ਼ – ਸਮਲਿੰਗ ਭੋਗੀ ਇਸਤ੍ਰੀ ☐ ਦੁਲਿੰਗੀ ☐ ਹੋਰ

**ਇਨ੍ਹਾਂ ਵਿੱਚੋਂ ਕਿਹੜੀ ਚੀਜ਼ ਤੁਹਾਡੀ ਡਿਸੇਬਿਲਿਟੀ ਜਾਂ ਡਿਸੇਬਿਲੀਟੀਆਂ ਦਾ ਬਹੁਤ ਚੰਗੀ ਤਰ੍ਹਾਂ ਵਰਣਨ ਕਰਦੀ ਹੈ ?**

☐ ਡਿਸੇਬਿਲਿਟੀ ਨਹੀਂ
☐ ਸਰੀਰਕ ਕਮਜ਼ੋਰੀ (ਜਿਵੇਂ ਕਿ ਇਧਰ ਉਧਰ ਜਾਣ ਲਈ ਵ੍ਹੀਲ ਚੇਅਰ ਦੀ ਵਰਤੋਂ ਕਰਨੀ/ਜਾਂ ਆਪਣੀਆਂ ਬਾਹਵਾਂ ਦੀ ਵਰਤੋਂ ਕਰਨ ਵਿੱਚ ਕਠਿਨਾਈ ਹੋਣੀ
☐ ਦਰਸ਼ੀ ਕਮਜ਼ੋਰੀ (ਜਿਵੇਂ ਕਿ ਅੰਨ੍ਹਾ ਹੋਣਾ ਜਾਂ ਕੁੱਝ ਕੁੱਝ ਨਜ਼ਰ ਆਉਣਾ )
☐ ਸੁਣਨ ਵਾਲੀ ਕਮਜ਼ੋਰੀ (ਜਿਵੇਂ ਕਿ ਬੋਲਾ ਹੋਣਾ ਜਾਂ ਉੱਚਾ ਸੁਣਨਾ)
☐ ਮਾਨਸਿਕ ਸਵਾਸਥ ਦੀ ਹਾਲਤ (ਡਿਪਰੈੱਸ਼ਨ ਜਾਂ ਵਿਖੰਡਿਤ ਮਾਨਸਿਕਤਾ)
☐ ਲਰਨਿੰਗ ਡਿਸੇਬਿਲਿਟੀ (ਜਿਵੇਂ ਡਾਊਨ'ਜ਼ ਸਿੰਡਰੋਮ ਜਾਂ ਡਿਸਲੈੱਕਸੀਆ ਜਾਂ ਕੋਗਨੀਟਿਵ ਇਮਪੇਅਰਮੈਂਟ (ਜਿਵੇਂ ਔਟਿਜ਼ਮ ਜਾਂ ਸਿਰ ਦੀ ਸੱਟ)
☐ ਚਿਰਕਾਲੀ ਬੀਮਾਰੀ ਜਾਂ ਸਵਾਸਥ ਦੀ ਹਾਲਤ (ਜਿਵੇਂ ਕਿ ਕੈਂਸਰ, ਐੱਚ ਆਈ ਵੀ, ਡਾਇਬੀਟੀਜ਼, ਲੰਬੇ ਅਰਸੇ ਤੋਂ ਚਲਦੀ ਆ ਰਹੀ ਦਿਲ ਦੀ ਬੀਮਾਰੀ ਜਾਂ ਮਿਰਗੀ ਰੋਗ)
☐ ਹੋਰ (ਕਿਰਪਾ ਕਰ ਕੇ ਵਰਣਨ ਕਰੋ):

**ਤੁਹਾਡਾ ਧਰਮ ਕਿਹੜਾ ਹੈ ?**

☐ ਕੋਈ ਧਰਮ ਨਹੀਂ ☐ ਕਰਿਸਚਿਅਨ (ਇਸ ਵਿੱਚ ਸ਼ਾਮਲ ਹਨ ਚਰਚ ਆਫ ਇੰਗਲੈਂਡ, ਕੈਥੋਲਿਕ, ਪ੍ਰੋਟੈਸਟੈਂਟ ਅਤੇ ਹੋਰ ਸਾਰੇ ਕਰਿਸਚਿਅਨ ਵਰਗ) ☐ ਬੋਧੀ ☐ ਹਿੰਦੂ
☐ ਜੀਊਇਸ਼ ☐ ਮੁਸਲਿਮ ☐ ਸਿੱਖ ☐ ਕੋਈ ਹੋਰ ਧਰਮ (ਕਿਰਪਾ ਕਰ ਕੇ ਵਰਣਨ ਕਰੋ):

**ਕੀ ਤੁਸੀਂ ਆਪਣੇ ਆਪ ਨੂੰ ਕੇਅਰਰ ਸਮਝਦੇ ਹੋ ?**

'ਕੇਅਰਰ' ਕੋਈ ਇਹੋ ਜਿਹਾ ਬੰਦਾ ਹੈ ਜਿਹੜਾ ਪਰਿਵਾਰ ਦੇ ਬੰਦਿਆਂ, ਦੋਸਤਾਂ, ਗੁਆਂਢੀਆਂ ਜਾਂ ਹੋਰਾਂ ਦੀ ਦੇਖਭਾਲ ਬਗੈਰ ਪੈਸੇ ਲਿਆਂ ਕਰਦਾ/ਕਰਦੀ ਹੈ ਜਿਨ੍ਹਾਂ ਦਾ ਕਾਰਣ ਜਾਂ ਤਾਂ ਲੰਬੇ ਸਮੇਂ ਵਾਲੀਆਂ ਸਰੀਰਕ ਜਾਂ ਮਾਨਸਿਕ ਬੀਮਾਰੀ/ਡਿਸੇਬਿਲਿਟੀ ਹੈ, ਵਡੇਰੀ ਉਮਰ ਨਾਲ ਸਬੰਧੰਤ ਸਮਸਿਆਵਾਂ, ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨਾ/ਨਿਰਭਰਤਾ ਹੈ,

☐ ਹਾਂ ☐ ਨਹੀਂ

**ਸੰਪਰਕ ਵੇਰਵੇ**

ਅਸੀਂ ਤੁਹਾਡੇ ਸੰਪਕਰ ਵੇਰਵਿਆਂ ਦੀ ਵਰਤੋਂ ਇਸ ਕੰਸਲਟੇਸ਼ਨ (ਸਲਾਹ ਮਸ਼ਵਰਾ) ਬਾਰੇ ਤੁਹਾਨੂੰ ਆਧੁਨਿਕ ਜਾਣਕਾਰੀ ਦੇਣ ਲਈ ਕਰਾਂਗੇ ਜਦੋਂ ਤਕ ਤੁਸੀਂ ਆਪ ਇਸ ਤਰ੍ਹਾਂ ਨਾ ਚਾਹਵੋ । ਜੇਕਰ ਤੁਸੀਂ ਇੰਝ ਨਹੀਂ ਚਾਹੁੰਦੇ ਤਾਂ ਕਿਰਪਾ ਕਰ ਕੇ ਇਥੇ ਦਿਤੀ ਹੋਈ ਆਪਸ਼ਨ ਨੂੰ ਚੁਣੋ

☐ ਮੈਂ ਇਸ ਕੰਸਲਟੇਸ਼ਨ ਦੀ ਆਧੁਨਿਕ ਜਾਣਕਾਰੀ ਲੈਣ ਤੋਂ ਬਾਹਰ ਰਹਿਣਾ ਚਾਹੁੰਦਾ/ਚਾਹੁੰਦੀ ਹਾਂ

ਨਾਮ:

ਈ ਮੇਲ ਪਤਾ :

ਪੋਸਟਕੋਡ :

**ਜਦੋਂ ਤੁਸੀਂ ਆਪਣਾ ਫਾਰਮ ਭਰ ਲੈਂਦੇ ਹੋ ਤਾਂ ਫੇਰ ਤੁਸੀਂ ਇੰਝ ਕਰ ਸਕਦੇ ਹੋ** :

ਇਸ ਨੂੰ ਸਾਡੇ ਕਿਸੇ ਇਕ ਡਰਾਪ-ਇਨ ਅਵਸਰਾਂ ਸਮੇਂ ਆਪ ਦੇ ਦਿਓ – ਇਸ ਲਈ ਵੇਰਵੇ ਇਥੋਂ ਮਿਲ ਸਕਦੇ ਹਨ http://www.leeds.gov.uk/residents/Pages/Currentschoolsconsultation.aspx

ਇਸ ਨੂੰ ਮੂਅਰ ਐਲੇਰਟਨ ਹਾਲ ਪ੍ਰਾਇਮਰੀ ਸਕੂਲ ਦੇ ਆਫਿਸ ਵਿੱਚ 4 ਮਈ 2018 ਨੂੰ ਸ਼ਾਮੀਂ 4 ਵਜੇ ਤੋਂ ਪਹਿਲੋਂ ਦੇ ਦੇਣਾ

ਈ ਮੇਲ ਕਰੋ : educ.school.organisation@leeds.gov.uk

ਡਾਕ ਰਾਹੀਂ ਭੇਜੋ : Sufficiency and Participation Team, Leeds City Council, PO Box 837, 7Th Floor East, Merrion House, 110 Merrion Centre, LEEDS, LS2 8BB

ਡੈਟਾ ਪ੍ਰੋਟੈੱਕਸ਼ਨ ਐੱਕਟ 1998

ਡੈਟਾ ਪ੍ਰੋਟੈੱਕਸ਼ਨ ਐੱਕਟ 1998 ਅਨੁਸਾਰ ਜ਼ਰੂਰੀ ਹੈ ਕਿ ਅਸੀਂ ਤੁਹਾਨੂੰ ਇਥੇ ਦਿਤੀ ਹੋਈ ਜਾਣਕਾਰੀ ਤੋਂ ਜਾਣੂ ਕਰਵਾਈਏ:

ਲੀਡਜ਼ ਸਿਟੀ ਕੌਂਸਿਲ ਸਹਾਇਤਾ ਲਈ ਤੁਹਾਡੇ ਵਿਚਾਰ ਮੰਗ ਰਹੀ ਹੈ ਤਾਂ ਜੋ ਤੁਹਾਨੂੰ ਇਸ ਸੁਝਾਅ ਦੇ ਫੈਂਸਲੇ ਬਾਰੇ ਜਾਣਕਾਰੀ ਦਿਤੀ ਜਾ ਸਕੇ। ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕੇਵਲ ਇਸ ਮੰਤਵ ਲਈ ਕੀਤੀ ਜਾਵੇਗੀ ਅਤੇ ਹੋ ਸਕਦਾ ਹੈ ਕਿ ਉਨ੍ਹਾਂ ਏਜੰਸੀਆਂ (ਅਦਾਰਿਆਂ) ਨਾਲ ਵੀ ਕੀਤੀ ਜਾਵੇ ਜਿਹੜੀਆਂ ਇਸ ਕੰਸਲਟੇਸ਼ਨ ਵਿੱਚ ਸ਼ਾਮਲ ਹਨ, ਫੇਰ ਵੀ ਤਾਂ ਜੇਕਰ ਤੁਸੀਂ ਕੋਈ ਮੁੱਦੇ ਉਠਾਉਂਦੇ ਹੋ ਜਿਨ੍ਹਾਂ ਨੂੰ ਹੱਲ ਕਰਨਾ ਹੁੰਦਾ ਹੈ। ਜੇਕਰ ਤੁਸੀਂ ਆਪਣੇ ਡਿਟੇਲਜ਼ (ਵਿਸਤਾਰ ਸਹਿਤ ਵੇਰਵੇ) ਨਹੀਂ ਦੇਣਾ ਚਾਹੁੰਦੇ ਤਾਂ ਫੇਰ ਵੀ ਤੁਹਾਡੇ ਵਿਚਾਰਾਂ ਤੇ ਵਿਚਾਰ ਕੀਤਾ ਜਾਵੇਗਾ, ਪਰ ਅਸੀਂ ਤੁਹਾਡੀ ਪ੍ਰਤਿਕ੍ਰਿਆ ਬਾਰੇ ਪਹੁੰਚ ਦੀ ਰਸੀਦ ਨਿੱਜੀ ਤੌਰ ਤੇ ਨਹੀਂ ਦੇ ਸਕਾਂਗੇ।